
FARM AND SPICE
Open 7 Days a Week
8.30 am to 9.00 pm
SPECIAL OFFERS: 29 SEPT- 5 OCT
Daily Specials on
ਗਾਜਰ
Carrot Snaptop
99¢ /lb
ਗਾਲਾ ਬੀ ਸੀ ਸੇਬ
Gala BC Apple
99¢ /lb
ਐਂਬ੍ਰੋਸੀਆ ਸੇਬ
Apple Ambrosia
99¢ /lb
ਆਵੋਕਾਡੋ
Avocado
99¢ each
ਸ਼ਿਮਲਾ ਮਿਰਚ
Green Pepper
$1.49 /lb
ਪਾਲਕ
Spinach
$1.49 /each
ਲੈਟਿਸ ਹੈੱਡ
Lettuce Head
$2.49 each
ਬੈਂਗਣ ਇੰਡੀਅਨ
Egg Plant Indian
$1.99 /lb
ਜ਼ੁਕੀਨੀ
Zuchinni
$1.49 /lb
ਫੁੱਲ ਗੋਭੀ
Cauliflower
$2.49 each
ਹੀਰ ਦਾਲਾਂ
Heer Lentils
Moong Washed / Moong Whole/Chickpeas
Moth/Chana Dal/Red Split/Kala Chana/Urad Whole/
4lb
$5.99 each
ਅੰਮ੍ਰਿਤ ਰੱਸ
Amrit Gur Rusk
500g
$4.49 each
ਅਸ਼ੋਕਾ ਸਾਗ
Ashoka Sarson Ka Saag
850g
$1.99 each
ਅਖਰੋਟ
Walnuts Bulk
$4.49 /lb
ਹੈਲੋ ਜੀ ਚਾਵਲ
Hello JI Basmati Rice
8lb
$9.99 each
ਕ੍ਰਾਊਨ ਤੇਲ
Crown Sunflower Oil
3 ltr
$14.99 each
ਮੇਰੀ ਚਾਹ
Meri Chai Tea Bags
216Bags
$6.99 each
ਗੁਲਾਬ ਜਾਮਣ/ਰਸਗੁੱਲੇ
Haldiram Gulab Jamun/Rasgulla
$3.99 each
#9546-9548 Scott Town Plaza 96 Ave Scott Road Surrey
# 09-10 12830 96 Ave. Surrey BC | Tel: 604 930 7742
# 103-104 14320 64 Ave. Surrey BC | Tel: 604 593 6323
*while supply last

# ਭਾਰਤ 'ਚ ਈਸਾਈਆਂ 'ਤੇ ਹਮਲੇ ਵੱਧਦੇ ਜਾ ਰਹੇ ਹਨ

ਸਲੈਮਾਬਾਦ: ਭਾਰਤ ਵਿੱਚ 2023 ਦੇ ਪਹਿਲੇ ਅੱਠ ਮਹੀਨਿਆਂ ਵਿੱਚ ਈਸਾਈਆਂ (ਭਾਰਤ ਦੀ ਆਬਾਦੀ ਦਾ ਲਗਭਗ 2.3% ਬਣਦਾ ਹੈ) ਦੇ ਵਿਰੁੱਧ 525 ਹਮਲੇ ਹੋਏ ਹਨ। ਇਹ ਸਾਲ ਸੰਭਾਵਤ ਤੌਰ 'ਤੇ 2022 ਅਤੇ ਉਸ ਤੋਂ ਪਹਿਲਾਂ 2021 ਵਿੱਚ ਹਿੰਸਕ ਰਿਕਾਰਡ ਨੂੰ ਪਾਰ ਕਰੇਗਾ।ਨਵੀਂ ਦਿੱਲੀ ਸਥਿਤ ਯੂਨਾਈਟਿਡ ਕ੍ਰਿਸਚੀਅਨ ਫੋਰਮ (ਛਢ), ਇੱਕ ਨਾਗਰਿਕ ਸਮਾਜ ਸੰਗਠਨ ਨੇ ਇੱਕ ਹੈਰਾਨਕੁਨ ਅੰਕੜਾ ਜਾਰੀ ਕੀਤਾ ਹੈ, ਭਾਰਤ ਵਿੱਚ 2023 ਦੇ ਪਹਿਲੇ ਅੱਠ ਮਹੀਨਿਆਂ ਵਿੱਚ ਈਸਾਈਆਂ ਵਿਰੁੱਧ 525 ਹਮਲੇ ਹੋਏ ਹਨ।




ਮਨੀਪੁਰ ਵਿੱਚ ਹਿੰਸਾ ਨੂੰ ਦੇਖਦੇ ਹੋਏ, ਜਿੱਥੇ ਪਿਛਲੇ ਚਾਰ ਮਹੀਨਿਆਂ ਵਿੱਚ ਸੈਂਕੜੇ ਚਰਚਾਂ ਨੂੰ ਤਬਾਹ ਕਰ ਦਿੱਤਾ ਗਿਆ ਹੈ, ਇਸ ਸਾਲ ਲਈ ਸੰਖਿਆ ਖਾਸ ਤੌਰ 'ਤੇ ਜ਼ਿਆਦਾ ਹੋਣ ਦੀ ਸੰਭਾਵਨਾ ਹੈ। ਸੁਪਰੀਮ ਕੋਰਟ ਵਿੱਚ ਇੱਕ ਪਟੀਸ਼ਨ ਵਿੱਚ ਤਬਾਹ ਹੋਏ ਧਾਰਮਿਕ ਸਥਾਨਾਂ ਦੀ ਗਿਣਤੀ 642 ਦੱਸੀ ਗਈ ਹੈ।

ਜੂਨ 2023 ਵਿੱਚ ਇੰਫਾਲ ਦੇ ਆਰਚਬਿਸ਼ਪ ਨੇ ਕਿਹਾ ਕਿ ਸਿਰਫ 36 ਘੰਟਿਆਂ ਵਿੱਚ 249 ਚਰਚਾਂ ਨੂੰ ਤਬਾਹ ਕਰ ਦਿੱਤਾ ਗਿਆ। ਹਿੰਸਾ ਦੀਆਂ ਇਹ ਸਾਰੀਆਂ ਘਟਨਾਵਾਂ ਖਾਸ ਵਿਸ਼ਵਾਸ ਦੇ ਅਖੌਤੀ ਚੌਕਸੀ ਸਮੂਹਾਂ ਦੀ ਅਗਵਾਈ ਵਿੱਚ ਭੀੜ ਦੀ ਹਿੰਸਾ ਦੁਆਰਾ ਹਨ ਜੋ ਕਥਿਤ ਤੌਰ 'ਤੇ ਸੱਤਾ ਵਿੱਚ ਪਾਰਟੀ (ਭਾਜਪਾ) ਤੋਂ ਸਮਰਥਨ ਪ੍ਰਾਪਤ ਕਰ ਰਹੇ ਹਨ, ਯੂਸੀਐਫ ਨੇ ਇੱਕ ਪ੍ਰੈਸ ਰਿਲੀਜ਼ ਵਿੱਚ ਦਾਅਵਾ ਕੀਤਾ ਹੈ। 2012 ਤੋਂ 2022 ਦਰਮਿਆਨ 11 ਸਾਲਾਂ ਵਿੱਚ ਦਰਜ ਘਟਨਾਵਾਂ ਦੀ ਗਿਣਤੀ ਚਾਰ ਗੁਣਾ ਵੱਧ ਗਈ।

ਪਹਿਲੀ ਵੱਡੀ ਛਾਲ 2016 ਵਿੱਚ ਸੀ, ਜਦੋਂ ਓਢੀ (ਇਵੈਂਜਲੀਕਲ ਫੈਲੋਸ਼ਿਪ ਆਫ਼ ਇੰਡੀਆ) ਨੇ 247 ਘਟਨਾਵਾਂ ਦੀ ਵੇਰਵੇ ਸਹਿਤ ਰਿਪੋਰਟ ਕੀਤੀ ਸੀ। 2018 ਤੱਕ, ਈਸਾਈਆਂ ਵਿਰੁੱਧ ਘਟਨਾਵਾਂ ਦੀ ਗਿਣਤੀ ਵੱਧ ਕੇ 132 ਹੋ ਗਈ। 2019 ਅਤੇ 2020 ਵਿੱਚ ਥੋੜ੍ਹੀ ਜਿਹੀ ਗਿਰਾਵਟ ਤੋਂ ਬਾਅਦ, 2021 ਵਿੱਚ ਇਹ 129 ਘਟਨਾਵਾਂ ਤੱਕ ਪਹੁੰਚ ਗਈ।

## ਤੁਰਕੀ ਪ੍ਰਧਾਨ ਨੂੰ ਜਾਮਾ ਮਸਜਿਦ ਨਹੀਂ ਜਾਣ ਦਿੱਤਾ ਗਿਆ



ਨਵੀਂ ਦਿੱਲੀ:ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤੈਯਪ ਏਰਦੋਗਨ ਜੀ-20 ਸਿਖਰ ਸੰਮੇਲਨ ਲਈ ਦਿੱਲੀ ਦੇ ਆਪਣੇ ਦੌਰੇ 'ਤੇ ਜਾਮੀਆ ਮਸਜਿਦ ਜਾਣਾ ਚਾਹੁੰਦੇ ਸਨ ਪਰ ਉਨ੍ਹਾਂ ਨੂੰ ਨਹੀਂ ਜਾਣ ਦਿੱਤਾ ਗਿਆ। ਭਾਰਤ ਸਰਕਾਰ ਨਹੀਂ ਚਾਹੁੰਦੀ ਸੀ ਕਿ ਉਹ ਇੱਥੇ ਜਾਵੇ ਕਿਉਂਕਿ ਇਥੇ ਉਨ੍ਹਾਂ ਦੀ ਸ਼ਾਹੀ ਇਮਾਮ ਨਾਲ ਮੁਲਾਕਾਤ ਹੋਣੀ ਸੀ।ਅਖਬਾਰਾਂ ਨੇ ਮਸਜਿਦ ਦੇ ਸੂਤਰਾਂ ਦੇ ਹਵਾਲੇ ਨਾਲ ਰਿਪੋਰਟ ਦਿੱਤੀ ਹੈ "ਕੁਝ ਦੇਸ਼ਾਂ ਦੇ ਵਫਦ ਦੇ ਸਿਰਫ ਜੂਨੀਅਰ ਮੈਂਬਰ ਹੀ ਇਮਾਮ ਨੂੰ ਮਿਲਣ ਆਏ।ਨਵੀਂ ਦਿੱਲੀ ਅਤੇ ਅੰਕਾਰਾ ਦੇ ਸਬੰਧ ਸਾਲਾਂ ਤੋਂ ਤਣਾਅਪੂਰਨ ਰਹੇ ਹਨ, ਮੁੱਖ ਤੌਰ 'ਤੇ ਸੰਯੁਕਤ ਰਾਸ਼ਟਰ ਅਤੇ ਓਆਈਸੀ ਵਰਗੇ ਗਲੋਬਲ ਫੋਰਮਾਂ 'ਤੇ ਤੁਰਕੀ ਮੁਲਕ ਕਸ਼ਮੀਰ ਦੀ ਅਜ਼ਾਦੀ ਦਾ ਸਮਰਥਨ ਕਰਦਾ ਹੈ।

## ਨਿੱਝਰ ਹੱਤਿਆ ਮਾਮਲੇ ਵਿੱਚ ਅਮਰੀਕਾ ਨੇ ਕੈਨੇਡਾ ਨੂੰ ਦਿੱਤੀ ਸੀ ਖ਼ੁਫ਼ੀਆ ਜਾਣਕਾਰੀ: ਨਿਊਯਾਰਕ ਟਾਈਮਜ਼



ਅਮਰੀਕਾ ਦੇ ਉੱਘੇ ਅਖ਼ਬਾਰ 'ਦਿ ਨਿਊਯਾਰਕ ਟਾਈਮਜ਼' ਨੇ ਸੂਤਰਾਂ ਦੇ ਹਵਾਲੇ ਨਾਲ ਆਪਣੀ ਇਕ ਰਿਪੋਰਟ ਵਿੱਚ ਦਾਅਵਾ ਕੀਤਾ ਹੈ ਕਿ ਸਿੱਖ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਦੀ ਜੂਨ ਵਿੱਚ ਸਰੀ ਦੇ ਇਕ ਗੁਰਦੁਆਰੇ ਦੇ ਬਾਹਰ ਹੋਈ ਹੱਤਿਆ ਮਾਮਲੇ ਵਿੱਚ ਅਮਰੀਕਾ ਨੇ ਕੈਨੇਡਾ ਨੂੰ ਖੁਫੀਆ ਜਾਣਕਾਰੀ ਮੁਹੱਈਆ ਕਰਵਾਈ ਸੀ। ਹਾਲਾਂਕਿ ਓਟਵਾ ਨੇ ਜਿਹੜੀ ਜਾਣਕਾਰੀ ਇਕੱਤਰ ਕੀਤੀ ਸੀ, ਉਹ ਵਧੇਰੇ ਠੋਸ ਸੀ ਤੇ ਉਸੇ ਦੇ ਅਧਾਰ 'ਤੇ ਕੈਨੇਡਾ ਨੇ ਭਾਰਤ 'ਤੇ ਦੋਸ਼ ਲਾਏ ਹਨ। ਭਾਰਤ ਹਾਲਾਂਕਿ ਕੈਨੇਡਿਆਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਲਾਏ ਦੋਸ਼ਾਂ ਨੂੰ 'ਬੇਬੁਨਿਆਦ' ਤੇ 'ਪ੍ਰੇਰਿਤ' ਦੱਸ ਕੇ ਖਾਰਜ ਕਰ ਚੁੱਕਾ ਹੈ। ਨਿਊਯਾਰਕ ਟਾਈਮਜ਼ ਨੇ ਅਣਪਛਾਤੇ ਅਧਿਕਾਰੀਆਂ ਦੇ ਹਵਾਲੇ ਨਾਲ ਕਿਹਾ, ''ਨਿੱਝਰ ਦੀ ਹੱਤਿਆ ਤੋਂ ਬਾਅਦ, ਅਮਰੀਕੀ ਖੁਫੀਆ ਏਜੰਸੀਆਂ ਨੇ ਆਪਣੇ ਕੈਨੇਡੀਅਨ ਹਮਰੁਤਬਾ ਨੂੰ ਜਾਣਕਾਰੀ ਪ੍ਰਦਾਨ ਕੀਤੀ ਜਿਸ ਨਾਲ ਕੈਨੇਡਾ ਨੂੰ ਇਹ ਸਿੱਟਾ ਕੱਢਣ ਵਿੱਚ ਮਦਦ ਮਿਲੀ ਕਿ ਭਾਰਤ ਇਸ ਵਿੱਚ ਸ਼ਾਮਲ ਸੀ।'' ਇਨ੍ਹਾਂ ਅਧਿਕਾਰੀਆਂ ਨੇ ਦੱਸਿਆ ਕਿ ਅਜਿਹਾ ਲੱਗਦਾ ਹੈ ਕਿ ਕੈਨੇਡਿਆਈ ਅਧਿਕਾਰੀਆਂ ਨੇ ਭਾਰਤੀ ਕੂਟਨੀਤਕਾਂ ਦੀ ਗੱਲਬਾਤ 'ਤੇ ਨਜ਼ਰ ਰੱਖੀ ਤੇ ਇਹੀ ਉਹ ਸਬੂਤ, ਜਿਸ ਤੋਂ ਭਾਰਤ ਦੇ ਇਸ ਸਾਜ਼ਿਸ਼ ਵਿੱਚ ਸ਼ਾਮਲ ਹੋਣ ਦਾ ਸੰਕੇਤ ਮਿਲਦਾ ਹੈ। ਕੈਨੇਡਾ ਵਿਚ ਅਮਰੀਕੀ ਰਾਜਦੂਤ ਡੇਵਿਡ ਕੋਹੇਨ ਨੇ ਸੀਟੀਵੀ ਨਿਊਜ਼ ਚੈਨਲ ਨੂੰ ਦਿੱਤੇ ਇੰਟਰਵਿਊ ਵਿੱਚ ਕਿਹਾ, ''ਫਾਈਵ ਆਈਜ਼ ਭਾਈਵਾਲਾਂ ਦਰਮਿਆਨ ਖੁਫੀਆ ਜਾਣਕਾਰੀ ਸਾਂਝੀ ਕੀਤੀ ਗਈ ਸੀ'', ਜਿਸ ਦੇ ਅਧਾਰ 'ਤੇ ਟਰੂਡੋ ਨੇ ਭਾਰਤ ਸਰਕਾਰ ਤੇ ਇਕ ਕੈਨੇਡਿਆਈ ਨਾਗਰਿਕ ਦੀ ਹੱਤਿਆ ਦਰਮਿਆਨ 'ਸੰਭਾਵੀ' ਸਬੰਧ ਦੇ ਦੋਸ਼ ਨੂੰ ਲੈ ਕੇ ਜਨਤਕ ਬਿਆਨ ਦਿੱਤਾ।

## ਸ੍ਰੀ ਦਰਬਾਰ ਸਾਹਿਬ ਵਿਖੇ ਔਰਤਾਂ ਨੂੰ ਹਜ਼ੂਰੀ ਰਾਗੀ ਵਜੋਂ ਸੇਵਾ ਕਰਨ ਦਾ ਬਰਾਬਰ ਮੌਕਾ ਮਿਲਣਾ ਚਾਹੀਦੈ:ਅੰਮ੍ਰਿਤਾ ਵੜਿੰਗ

ਚੰਡੀਗੜ੍ਹ-ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਦੇ ਪਤਨੀ ਅੰਮ੍ਰਿਤਾ ਵੜਿੰਗ ਨੇ ਅੱਜ ਟਵੀਟ ਕਰ ਕੇ ਕਿਹਾ ਹੈ ਕਿ ਮਹਿਲਾ ਰਾਖਵਾਂਕਰਨ ਬਿੱਲ ਤੁਰੰਤ ਲਾਗੂ ਹੋਣਾ ਚਾਹੀਦਾ ਹੈ।ਅੰਮ੍ਰਿਤਾ ਵੜਿੰਗ ਨੇ ਕਿਹਾ ਕਿ ਇਸ ਬਿੱਲ ਨੂੰ ਲਾਗੂ ਕਰਨ ਵਿਚ ਦੇਰੀ ਭਾਰਤੀ ਸਰਕਾਰ ਦੀ ਮਨਸ਼ਾ 'ਤੇ ਸਵਾਲ ਉਠਾਉਂਦਾ ਹੈ।ਕੀ ਸਰਕਾਰ ਇੱਕ ਵਾਰ ਫਿਰ ਸਿਰਫ਼ ਵੋਟਾਂ ਵੱਲ ਵੇਖ ਰਹੀ ਹੈ ਅਤੇ ਇਹ ਸਿਰਫ਼ ਇੱਕ ਹੋਰ ਜੁਮਲਾ ਹੈ? ਉਹਨਾਂ ਨੇ ਕਿਹਾ ਕਿ ਉਹ ਅੱਜ ਇਹ ਮਹੱਤਵਪੂਰਨ ਮੁੱਦਾ ਉਠਾਉਣਾ ਚਾਹੁੰਦੇ ਹਨ ਕਿ ਅੱਜ ਜਦੋਂ ਔਰਤਾਂ ਨੇ ਲਗਭਗ ਸਾਰੇ ਖੇਤਰਾਂ ਵਿੱਚ ਪ੍ਰਾਪਤੀਆਂ ਕੀਤੀਆਂ ਹਨ, ਸ੍ਰੀ ਦਰਬਾਰ ਸਾਹਿਬ ਵਿਖੇ ਕੋਈ ਵੀ ਔਰਤ ਹਜ਼ੂਰੀ ਰਾਗੀ ਨਹੀਂ ਹੈ।ਉਹਨਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਔਰਤਾਂ ਨੂੰ ਹਜ਼ੂਰੀ ਰਾਗੀ ਵਜੋਂ ਸੇਵਾ ਕਰਨ ਦਾ ਬਰਾਬਰ ਮੌਕਾ ਮਿਲਣਾ ਚਾਹੀਦਾ ਹੈ ਜਿਸ ਨਾਲ ਬਰਾਬਰਤਾ ਦੇ ਸਾਡੇ ਸਿੱਖੀ ਸਿਧਾਂਤਾਂ ਨੂੰ ਵੀ ਕਾਇਮ ਰੱਖਿਆ ਜਾਵੇਗਾ।

BADH
26 YEARS EXPERIENCE IN ACCOUNTING
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654
# 1393 - 20800 - WESTMINSTER HWY, RICHMOND, BC
Jasbir Singh Badh



Charlesworth
insurance services ltd.
Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer
autoplan
"For Fast, Friendly and Reliable Service!"



Phone:
604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com




Best Rates
ਵਿਆਹ ਦੇ ਕਾਰਡ
Letterheads,
Business Cards, Envelops
Invoices, Flyers,
Folding, Stitching,
Numbering, Rubbers Stamps,
Receipt Books, Brochures
All kinds of Signs and Decals
ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਜੋ ਜ਼ਖ਼ਮ ਕਾਂਗਰਸ ਨੇ 1984 ਵਿਚ ਦਿੱਤੇ ਸੀ, ਉਹ ਅੱਜ ਬੀਜੇਪੀ ਦੀ ਸਰਕਾਰ ’ਚ ਉਚੇੜੇ ਜਾ ਰਹੇ ਹਨ



ਨਵੀਂ ਦਿੱਲੀ(ਅਮਨਦੀਪ ਸਿੰਘ): ਨਵੰਬਰ 84 ਵਿਚ ਦਿੱਲੀ ਕੈਂਟ ਵਿਖੇ ਸਿੱਖਾਂ ਦਾ ਕਤਲੇਆਮ ਕਰਨ ਦੇ ਦੋਸ਼ ਵਿਚ ਮੰਡੋਲੀ ਜੇਲ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਸੱਜਣ ਕੁਮਾਰ ਨੂੰ ਸੁਲਤਾਨਪੁਰੀ ਕਤਲੇਆਮ ਮਾਮਲੇ ਵਿਚ ਅਦਾਲਤ ਵਲੋਂ ਬਰੀ ਕਰਨ ਪਿਛੋਂ ਪੀੜਤਾਂ ਨੇ ਰੋਸ ਮਾਰਚ ਕਰ ਕੇ ਮੋਦੀ ਸਰਕਾਰ ਦੀ ਨੀਅਤ ’ਤੇ ਸਵਾਲੀਆ ਨਿਸ਼ਾਨ ਲਾ ਕੇ ਰੱਖ ਦਿਤਾ।

ਜੰਤਰ ਮੰਤਰ ’ਤੇ ਰੋਸ ਮੁਜ਼ਾਹਰਾ ਕਰਦੇ ਹੋਏ ਪੀੜਤਾਂ ਨੇ, ‘ਫ਼ਰਕ ਕਯਾ ਹੈ, ਕਾਂਗਰਸ ਔਰ ਮੋਦੀ ਤੇਰੇ ਰਾਜ ਮੇਂ’ ਦੇ ਬੈਨਰ ਫੜ ਕੇ, ਬੀਜੇਪੀ ਸਰਕਾਰ ਵਿਰੁਧ ਰੋਸ ਪ੍ਰਗਟਾਇਆ ਤੇ ਪੁਛਿਆ 84 ਦੇ ਦੋਸ਼ੀਆਂ ਨੂੰ ਨਿਆਂ ਦੇ ਮਾਮਲੇ ਵਿਚ ਬੀਜੇਪੀ ਵੀ ਕਾਂਗਰਸ ਦੀ ਰਾਹ ’ਤੇ ਤੁਰ ਰਹੀ ਹੈ। ਦੁਪਹਿਰ ਸਵਾ ਇਕ ਵਜੇ ਤਿਲਕ ਵਿਹਾਰ ਤੇ ਹੋਰ ਥਾਵਾਂ ਤੋਂ ਪੀੜਤ ਇਤਿਹਾਸਕ ਗੁਰਦਵਾਰਾ ਬੰਗਲਾ ਸਾਹਿਬ ਵਿਖੇ ਅਰਦਾਸ ਕਰਨ ਪਿਛੋਂ ਰੋਸ ਮਾਰਚ ਕਰਦੇ ਹੋਏ ਜੰਤਰ ਮੰਤਰ ਪੁੱਜੇ, ਜਿਥੇ ਉਨ੍ਹਾਂ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਦੀਆਂ ਫ਼ੋਟੋਆਂ ਨੂੰ ਜੁੱਤੀਆਂ ਮਾਰ ਕੇ ਅਪਣਾ ਗੁੱਸਾ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ। ਮੌਕੇ ’ਤੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਸਨ। ਗੁਰਦਵਾਰਾ ਸ਼ਹੀਦ ਗੰਜ ਸਾਹਿਬ, ਤਿਲਕ ਵਿਹਾਰ ਦੀ ਪ੍ਰਬੰਧਕ ਕਮੇਟੀ ਵਲੋਂ ਪਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂਅ ਦਿਤੇ ਮੰਗ ਪੱਤਰ ਵਿਚ ਮੋਦੀ ਸਰਕਾਰ ਤੋਂ ਮੰਗ ਕੀਤੀ ਗਈ ਕਿ ਉਹ ਸੀਬੀਆਈ ਅਤੇ ਸਰਕਾਰ ਵਲੋਂ ਸੀਨੀਅਰ ਵਕੀਲਾਂ ਰਾਹੀਂ ਹਾਈਕੋਰਟ ਵਿਚ ਅਪੀਲ ਪਾਈ ਜਾਵੇ ਤਾਕਿ ਦੋਸ਼ੀਆਂ ਨੂੰ ਉਨ੍ਹਾਂ ਦੇ ਜ਼ੁਲਮਾਂ ਦੀ ਸਜ਼ਾ ਮਿਲ ਸਕੇ।

ਗੱਲਬਾਤ ਕਰਦੇ ਹੋਏ ਸਿੱਖ ਕਤਲੇਆਮ ਦੇ ਮੁੱਖ ਦੋਸ਼ੀਆਂ ਵਿਚੋਂ ਇਕ ਮਰਹੂਮ ਐਚ ਕੇ ਐਲ ਭਗਤ ਵਿਰੁਧ ਚਸ਼ਮਦੀਦ ਗਵਾਹ ਬੀਬੀ ਦਰਸ਼ਨ ਕੌਰ ਨੇ ਕਿਹਾ,84 ਵਿਚ ਮੇਰੇ ਘਰ ਦੇ 12 ਜਣੇ ਦਰਿੰਦਿਆਂ ਨੇ ਮੌਤ ਦੇ ਘਾਟ ਉਤਾਰ ਦਿਤੇ। ਸਾਡੇ ਕਲੇਜੇ ਵਿਚ ਉਦੋਂ ਤਕ ਥੱਕ ਠੰਢ ਨਹੀਂ ਪਵੇਗੀ, ਜਦੋਂ ਤਕ ਸੱਜਣ ਕੁਮਾਰ ਨੂੰ ਫਾਂਸੀ ਨਹੀਂ ਦਿਤੀ ਜਾਂਦੀ। ਸੁਲਤਾਨਪੁਰੀ ਤਾਂ ਸੱਜਣ ਕੁਮਾਰ ਦਾ ਹਲਕਾ ਸੀ, ਫਿਰ ਉਸ ਨੇ ਸਿੱਖਾਂ ਨੂੰ ਬਚਾਇਆ ਕਿਉਂ ਨਹੀਂ? ਪੰਜ ਹਜ਼ਾਰ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਤੇ ਉਨ੍ਹਾਂ ਦੀਆਂ ਲਾਸ਼ਾਂ ਕਿਥੇ ਗਈਆਂ? ਤਿਲਕ ਵਿਹਾਰ ਵਿਖੇ ਰਹਿੰਦੇ ਨੌਜਵਾਨ ਸੱਤੂ ਸਿੰਘ ਨੇ ਕਿਹਾ, 84 ਵਿਚ ਮੇਰੇ ਨਾਨਾ ਜੀ ਤੇ ਪਿਤਾ ਜੀ ਨੂੰ ਕਤਲ ਕਰ ਦਿਤਾ ਗਿਆ, ਪਰ ਅੱਜ ਸਾਡੇ ਮੁਜ਼ਾਹਰੇ ਵਿਚ ਨਾ ਦਿੱਲੀ ਕਮੇਟੀ, ਨਾ ਆਮ ਆਦਮੀ ਪਾਰਟੀ ਤੇ ਨਾ ਭਾਜਪਾ ਨੇ ਸਾਥ ਦਿਤਾ, ਫਿਰ ਸਾਨੂੰ ਇਨਸਾਫ਼ ਕਿਥੋਂ ਮਿਲਣਾ?

ਪ੍ਰਧਾਨ ਮੰਤਰੀ ਦਫ਼ਤਰ ਵਿਖੇ ਦਿਤੇ ਗਏ ਮੰਗ ਪੱਤਰ ਵਿਚ ਪੀੜਤਾਂ ਨੇ ਕਿਹਾ ਹੈ, ‘ਅੱਜ ਇਹ ਵੇਖ ਕੇ ਬੜਾ ਦੁਖ ਹੋ ਰਿਹਾ ਹੈ ਕਿ ਨਿਆਂ ਨਾ ਮਿਲਣ ਦੇ ਜੋ ਹਾਲਾਤ ਕਾਂਗਰਸ ਸਰਕਾਰ ਵੇਲੇ ਸੀ, (ਜਿਸ ਵਿਚ ਦੋਸ਼ੀਆਂ ਨੂੰ ਬਚਾਇਆ ਜਾਂਦਾ ਰਿਹਾ ਹੈ), ਪਰ ਤੁਹਾਡੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਤੋਂ ਸਾਨੂੰ ਪੀੜਤਾਂ ਨੂੰ ਬੜੀ ਉਮੀਦ ਸੀ ਕਿ ਦੋਸ਼ੀਆਂ ਨੂੰ ਹੁਣ ਸਜ਼ਾ ਮਿਲੇਗੀ ਅਤੇ ਪੀੜਤਾਂ ਨੂੰ 1984 ਕਤਲੇਆਮ ਦੇ ਦੁੱਖ ਦੀ ਪੀੜ ਤੋਂ ਰਾਹਤ ਮਿਲੇਗੀ। ਪਰ ਦੋਵੇਂ ਮੁਖ ਦੋਸ਼ੀਆਂ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਨੂੰ ਦਿੱਲੀ ਸਿੱਖ ਕਤਲੇਆਮ ਦੇ ਕੇਸਾਂ ਵਿਚੋਂ ਰਾਊਜ਼ ਐਵੇਨਿਊ ਕੋਰਟ ਤੋਂ ਤਰਤੀਬਵਾਰ ਦੋਸ਼ਾਂ ਤੋਂ ਬਰੀ ਕਰਨਾ/ ਜ਼ਮਾਨਤ ਦੇਣਾ, ਬੜਾ ਪੀੜਾ ਦਾਇਕ ਹੈ।’ ਅਜਿਹੇ ਵਿਚ ਚਿੰਤਾ ਵੱਧ ਜਾਂਦੀ ਹੈ ਕਿ ਕਾਂਗਰਸ ਅਤੇ ਬੀਜੇਪੀ ਸਰਕਾਰ ਦੀ ਨਿਆਂ ਸਿਸਟਮ ਵਿਚ ਕੀ ਫ਼ਰਕ ਰਹਿ ਜਾਂਦਾ ਹੈ? ਜੋ ਜ਼ਖਮ ਕਾਂਗਰਸ ਨੇ 1984 ਵਿਚ ਦਿਤੇ ਸੀ, ਉਹ ਅੱਜ ਬੀਜੇਪੀ ਦੀ ਸਰਕਾਰ ਵਿਚ ਉਚੇੜੇ ਜਾ ਰਹੇ ਹਨ। ਮੁਜ਼ਾਹਰੇ ਵਿਚ ਬੀਬੀ ਪਿਆਰ ਕੌਰ, ਭਗਤ ਸਿੰਘ, ਬਾਬੂ ਸਿੰਘ ਦੁਖੀਆ, ਮੋਹਨ ਸਿੰਘ, ਮੰਛਾ ਸਿੰਘ, ਜਰਨੈਲ ਸਿੰਘ, ਮੋਤੀ ਸਿੰਘ ਸਣੇ ਰੋਹਿਣੀ, ਚੰਦਰ ਵਿਹਾਰ ਤੇ ਹੋਰ ਥਾਂਵਾਂ ਤੋਂ ਪੀੜਤ ਸ਼ਾਮਲ ਹੋਏ।

# ਸ਼ਾਹੂਕਾਰ ਨੇ ਦਲਿਤ ਔਰਤ ਨੂੰ ਨਿਰਵਸਤਰ ਕਰਕੇ ਕੁੱਟਿਆ ਤੇ ਮੂੰਹ ’ਤੇ ਪਿਸ਼ਾਬ ਕੀਤਾ

ਪਟਨਾ:-ਪਟਨਾ ਜ਼ਿਲ੍ਹੇ ਦੇ ਖੁਸਰੋਪੁਰ ਥਾਣਾ ਖੇਤਰ ਦੇ ਅਧੀਨ ਪਿੰਡ ਵਿੱਚ ਸ਼ਾਹੂਕਾਰ ਅਤੇ ਉਸ ਦੇ ਗੁੰਡਿਆਂ ਵੱਲੋਂ ਦਲਿਤ ਔਰਤ ਨੂੰ ਨਿਰਵਸਤਰ ਕਰਕੇ ਉਸ ਦੀ ਕੁੱਟਮਾਰ ਕਰਨ ਅਤੇ ਉਸ ਦੇ ਮੂੰਹ ‘ਤੇ ਪਿਸ਼ਾਬ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ।

ਇਹ ਘਟਨਾ ਉਸ ਸਮੇਂ ਵਾਪਰੀ ਜਦੋਂ ਔਰਤ ਨੇ ਸ਼ਾਹੂਕਾਰ ਵੱਲੋਂ ਕਰਜ਼ੇ ਦੀ ਪੂਰੀ ਅਦਾਇਗੀ ਕਰਨ ਦੇ ਬਾਵਜੂਦ ਹੋਰ ਪੈਸੇ ਦੀ ਨਾਵਾਜਬ ਮੰਗ ਕਰਨ ਵਿਰੁੱਧ ਪੁਲੀਸ ਕੋਲ ਸ਼ਿਕਾਇਤ ਦਰਜ ਕਰਵਾਈ ਸੀ।

ਪੁਲੀਸ ਅਧਿਕਾਰੀ ਨੇ ਦੱਸਿਆ ਕਿ ਮੁੱਖ ਮੁਲਜ਼ਮ ਪ੍ਰਮੋਦ ਅਤੇ ਉਸ ਦਾ ਪੁੱਤਰ ਅੰਸ਼ੂ ਫ਼ਰਾਰ ਹਨ।


THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs

ਅਸੀ ਹਰ ਤਰਾਂ ਦੀਆਂ ਡੋਮੈਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ





Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC



CANRISE IMMIGRATION
www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜ਼ਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

CANRISE
Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)
iccrc crcic



UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:

- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141

#12387-75 Avenue Surrey, BC V3W 2S7
E-mail: contactuniglobal@gmail.com
RCIC CRIC

# ਭਾਰਤੀ ਟੀਵੀ ਚੈਨਲ ਤੇ ਕੈਨੇਡਾ ਨੂੰ ਖਤਮ ਕਰਨ ਦੀਆਂ ਧਮਕੀਆਂ

ਔਟਵਾ: "ਕੈਨੇਡਾ ਵਿੱਚ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਦਹਿਸ਼ਤਗਰਦੀ ਦੀ ਕਾਰਵਾਈ ਤੋਂ ਬਾਅਦ, ਭਾਰਤੀ ਮੀਡੀਆ ਅਤੇ ਭਾਰਤੀ ਸੰਸਦ ਖੁੱਲ੍ਹੇਆਮ ਸਰਜੀਕਲ ਸਟ੍ਰਾਈਕ ਅਤੇ ਕੈਨੇਡਾ ਨੂੰ ਨਿਊਕਲੀਅਰ ਕਰਨ ਦਾ ਸੱਦਾ ਦੇ ਰਹੇ ਹਨ।ਮਿਸਟਰ ਟਰੂਡੋ ਨੂੰ ਅੱਤਵਾਦੀ ਕਰਾਰ ਦੇ ਰਹੇ ਹਨ।ਉਸਨੇ ਇੰਡੀਅਨ ਨੈਸ਼ਨਲ ਟੀਵੀ, ਰਿਪਬਲਿਕ ਉੱਤੇ ਇੱਕ ਬਹਿਸ ਵਿੱਚ ਕੈਨੇਡਾ ਨੂੰ ਧਮਕੀਆਂ ਦਿੱਤੀਆਂ ਗਈਆਂ।

ਬਹਿਸ ਵਿੱਚ, ਇੱਕ ਭਾਰਤੀ ਕੈਨੇਡੀਅਨ , ਰਾਜੀਵ ਅਰੋੜਾ ਨੇ ਕਿਹਾ, "ਮਿਸਟਰ ਟਰੂਡੋ! ਤੂੰ ਕੌਣ ਹੈ? ਅੱਜ ਸਾਡੀਆਂ 10 ਪਣਡੁੱਬੀਆਂ ਭਾਰਤ ਤੋਂ ਆਉਣਗੀਆਂ ਅਤੇ ਕੈਨੇਡਾ ਵਿੱਚ ਤੁਹਾਨੂੰ ਨਿਊਕਲੀਅਰ ਕਰਨਗੀਆਂ।ਕੈਨੇਡਾ ਨੂੰ ਨੋਕਿੰਗ ਕਰਨ ਲਈ ਕਹਿ ਰਹੇ ਹਨ, ਜੋ ਕਿ ਕੈਨੇਡਾ ਦੇ ਖਿਲਾਫ ਜੰਗ ਹੈ। ਰਾਜੀਵ ਅਰੋੜਾ ਕੈਨੇਡਾ ਅਤੇ ਭਾਰਤ ਵਿੱਚ ਇੱਕ ਦੇਸ਼ ਵਿਆਪੀ ਇਮੀਗ੍ਰੇਸ਼ਨ ਫੋਰਮ ਚਲਾ ਰਹੇ ਹਨ।"ਕੈਨੇਡਾ ਦੇ ਲੋਕਾਂ ਨੂੰ ਸੰਬੋਧਨ ਕਰਦਿਆਂ ਇੱਕ ਕੈਨੇਡੀਅਨ ਸਿੱਖ ਨੇ ਕਿਹਾ, "ਕੈਨੇਡੀਅਨੋ!

ਇਹ ਕੈਨੇਡਾ ਦੀ ਪ੍ਰਭੂਸੱਤਾ ਲਈ ਸਿੱਧੀ ਚੁਣੌਤੀ ਹੈ। ਅਸੀਂ ਸਿੱਖਾਂ ਨੇ ਜਿਥੇ ਵੀ ਰਹਿੰਦੇ ਹਾਂ ਹਮੇਸ਼ਾ ਉਸ ਦੇਸ਼ ਦੀ ਰੱਖਿਆ ਕੀਤੀ ਹੈ ਅਤੇ ਅਸੀਂ ਕੈਨੇਡਾ ਦੀ ਰੱਖਿਆ ਕਰਾਂਗੇ।ਇੱਕ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਕਿਹਾ, "ਸਾਡਾ ਦੇਸ਼ ਭਾਰਤ ਕਦੇ ਵੀ ਆਤਮ ਸਮਰਪਣ ਨਹੀਂ ਕਰੇਗਾ। ਅਸੀਂ ਪੰਨੂ ਵਰਗੇ ਕਿਸੇ 'ਤੇ ਸਰਜੀਕਲ ਸਟ੍ਰਾਈਕ ਕਰ ਸਕਦੇ ਹਾਂ ਅਤੇ ਉਸ ਨੂੰ ਉਥੋਂ ਚੁੱਕ ਸਕਦੇ ਹਾਂ। ਇਸ ਲਈ ਕੈਨੇਡਾ ਵਰਗਾ ਕੋਈ ਵੀ ਦੇਸ਼ ਕਿਸੇ ਭੁਲੇਖੇ ਵਿੱਚ ਨਹੀਂ ਫਸਣਾ ਚਾਹੀਦਾ।" ਇਸਦੇ ਜੁਆਬ ਵਿੱਚ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ, "ਉਹ ਰਵਨੀਤ ਬਿੱਟੂ ਨਿੱਝਰ ਦੀ ਹੱਤਿਆ ਦੀ ਜ਼ਿੰਮੇਵਾਰੀ ਲੈਂਦਿਆਂ ਕੈਨੇਡਾ ਵਿੱਚ ਸਰਜੀਕਲ ਸਟ੍ਰਾਈਕ ਦੀ ਮੰਗ ਕਰ ਰਿਹਾ ਹੈ।ਇਸ ਸਿੱਖ ਆਗੂ ਨੇ ਐਨਡੀਪੀ ਤੋਂ ਲੈ ਕੇ ਕੰਜ਼ਰਵੇਟਿਵ ਪਾਰਟੀ ਤੱਕ ਦੇ ਕੈਨੇਡੀਅਨ ਨੇਤਾਵਾਂ ਨੂੰ ਕਿਹਾ, "ਸਾਨੂੰ ਭਾਰਤ ਵੱਲੋਂ ਕੈਨੇਡਾ ਨੂੰ ਨਿਊਕਲੀਅਰ ਕਰਨ ਦੇ ਸੱਦੇ 'ਤੇ ਤੁਹਾਡੇ ਜਵਾਬ ਦੀ ਲੋੜ ਹੈ।

# ਹਰਦੀਪ ਨਿੱਝਰ ਦੇ ਕਤਲ ਦੀ ਕਾਰਵਾਈ ਵਿੱਚ 6 ਆਦਮੀ, 2 ਵਾਹਨ ਅਤੇ ਸ਼ਾਮਲ ਸਨ:ਰਿਪੋਰਟ



ਬ੍ਰਿਟਿਸ਼ ਕੋਲੰਬੀਆ: ਪਹਿਲਾਂ ਰਿਪੋਰਟ ਕੀਤੇ ਗਏ ਇੱਕ ਵੱਡੇ ਅਤੇ ਵਧੇਰੇ ਸੰਗਠਿਤ ਆਪ੍ਰੇਸ਼ਨ ਵਿੱਚ, ਕੈਨੇਡਾ-ਅਧਾਰਤ ਸਿੱਖ ਆਗੂ, ਹਰਦੀਪ ਸਿੰਘ ਨਿੱਝਰ ਦੇ ਗੁਰਦੁਆਰੇ ਦੇ ਬਾਹਰ ਕਤਲ ਕਰਨ ਵਿੱਚ ਘੱਟੋ-ਘੱਟ ਛੇ ਆਦਮੀ ਅਤੇ ਦੋ ਵਾਹਨ ਸ਼ਾਮਲ ਸਨ।ਵਾਸ਼ਿੰਗਟਨ ਪੋਸਟ ਨੇ ਇੱਕ ਵੀਡੀਓ ਸਮੱਗਰੀ ਅਤੇ ਗਵਾਹਾਂ ਦੇ ਖਾਤਿਆਂ ਦਾ ਹਵਾਲਾ ਦਿੰਦੇ ਹੋਏ ਰਿਪੋਰਟ ਦਿੱਤੀ।

ਵਾਸ਼ਿੰਗਟਨ ਪੋਸਟ ਦੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ, ਕਤਲ ਨੂੰ ਗੁਰਦੁਆਰੇ ਦੇ ਸੁਰੱਖਿਆ ਕੈਮਰੇ ਦੁਆਰਾ ਕੈਦ ਕੀਤਾ ਗਿਆ ਸੀ ਅਤੇ ਵੀਡੀਓ ਨੂੰ ਜਾਂਚਕਰਤਾਵਾਂ ਨਾਲ ਸਾਂਝਾ ਕੀਤਾ ਗਿਆ ਹੈ।

ਪੋਸਟ ਦੁਆਰਾ ਸਮੀਖਿਆ ਕੀਤੀ ਗਈ ਵੀਡੀਓ ਦੀ 90-ਸਕਿੰਟ ਦੀ ਰਿਕਾਰਡਿੰਗ ਨਿੱਝਰ ਦੇ ਸਲੇਟੀ ਪਿਕਅੱਪ ਟਰੱਕ ਨੂੰ ਪਾਰਕਿੰਗ ਥਾਂ ਤੋਂ ਬਾਹਰ ਕੱਢਣ ਨਾਲ ਸ਼ੁਰੂ ਹੁੰਦੀ ਹੈ। ਇੱਕ ਚਿੱਟੀ ਸੇਡਾਨ ਇੱਕ ਲਾਟ ਵਿੱਚ ਦਿਖਾਈ ਦਿੰਦੀ ਹੈ, ਟਰੱਕ ਦੇ ਸਮਾਨਾਂਤਰ ਚਲਦੀ ਹੈ।ਜਦੋਂ ਟਰੱਕ ਦੀ ਰਫ਼ਤਾਰ ਤੇਜ਼ ਹੁੰਦੀ ਹੈ, ਸੇਡਾਨ ਕਾਰ ਵੀ ਰਫ਼ਤਾਰ ਤੇਜ਼ ਕਰਦੀ ਹੈ। ਫਿਰ ਨਿੱਝਰ ਦੇ ਟਰੱਕ ਤੋਂ ਸੇਡਾਨ ਕਾਰ ਅੱਗਟ ਨਿਕਲਦੀ ਹੈ। ਜਿਵੇਂ ਹੀ ਦੋਨੋ ਵਾਹਨ ਪਾਰਕਿੰਗ ਲਾਟ ਦੇ ਬਾਹਰ ਨਿਕਲਦੇ ਹਨ, ਟਰੱਕ ਨੂੰ ਰੋਕਣ ਲਈ ਸੇਡਾਨ ਬ੍ਰੇਕ ਮਾਰਦੀ ਹੈ। ਮੂੰਹ ਡੱਕਣ ਵਾਲੀਆਂ ਸ਼ਰਟਾਂ ਨਾਲ ਵਾਲੇ ਦੋ ਆਦਮੀ ਇੱਕ ਵੇਟਿੰਗ ਏਰੀਏ ਵਿੱਚੋਂ ਨਿਕਲਦੇ ਹਨ ਅਤੇ ਟਰੱਕ ਵੱਲ ਵਧਦੇ ਹਨ। ਨਿੱਝਰ ਦੇ ਗੋਲੀਆਂ ਮਾਰਦੇ ਹਨ।

ਸੇਡਾਨ ਪਾਰਕਿੰਗ ਲਾਟ ਤੋਂ ਬਾਹਰ ਨਿਕਲਦੀ ਹੈ ਅਤੇ ਦ੍ਰਿਸ਼ ਤੋਂ ਬਾਹਰ ਚਲੀ ਜਾਂਦੀ ਹੈ। ਵਾਸ਼ਿੰਗਟਨ ਪੋਸਟ ਨੇ ਰਿਪੋਰਟ ਕੀਤੀ ਕਿ ਫਿਰ ਦੋਵੇਂ ਆਦਮੀ ਉਸੇ ਦਿਸ਼ਾ ਵੱਲ ਭੱਜੇ।ਅਧਿਕਾਰੀਆਂ ਨੇ ਸਫ਼ੈਦ ਸੇਡਾਨ ਬਾਰੇ ਜਨਤਕ ਤੌਰ 'ਤੇ ਚਰਚਾ ਨਹੀਂ ਕੀਤੀ ਹੈ ਜਾਂ ਇਸ ਨੂੰ ਕੌਣ ਚਲਾ ਰਿਹਾ ਸੀ।ਹਰਦੀਪ ਸਿੰਘ ਨਿੱਝਰ ਦੇ 21 ਸਾਲਾ ਪੁੱਤਰ ਬਲਰਾਜ ਸਿੰਘ ਨਿੱਝਰ ਨੇ ਕਿਹਾ, "ਮੇਰੇ ਪਿਤਾ ਨੇ ਗੁਰਦੁਆਰੇ ਦੇ ਆਲੇ-ਦੁਆਲੇ ਪੁਲਿਸ ਨਿਗਰਾਨੀ ਵਧਾਉਣ ਲਈ ਕਿਹਾ ਤਾਂ ਜੋ ਸਾਰਾ ਭਾਈਚਾਰਾ ਸੁਰੱਖਿਅਤ ਹੋ ਸਕੇ।ਪਰ ਉਸਦੀ ਜਾਣਕਾਰੀ ਅਨੁਸਾਰ, ਕੁਝ ਨਹੀਂ ਕੀਤਾ ਗਿਆ।ਨਿੱਝਰ ਦੀ ਜਾਨ ਨੂੰ ਖਤਰਾ ਭਾਈਚਾਰੇ ਵਿੱਚ ਚੰਗੀ ਤਰ੍ਹਾਂ ਜਾਣਿਆ ਜਾਂਦਾ ਸੀ। ਕੁਝ ਗੁਰਦੁਆਰੇ ਦੇ ਮੈਂਬਰਾਂ ਨੇ ਪੋਸਟ ਨੂੰ ਦੱਸਿਆ ਕਿ ਜਦੋਂ ਉਨ੍ਹਾਂ ਨੇ ਉਸ ਨੂੰ ਇਕੱਲੇ ਗੱਡੀ ਚਲਾਉਂਦੇ ਦੇਖਿਆ ਤਾਂ ਉਹ ਚਿੰਤਤ ਸਨ।


ਲਰਨਿੰਗ ਲਾਇਸੈਂਸ

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ




ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL

Lucky: 604-614-5365

Unit 15 - 8388 128 St., Surrey



ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ

11267-125A St, Surrey, BC

ਇਸ ਹਫਤੇ ਦੇ ਪ੍ਰੋਗਰਾਮ

*30 ਸਤੰਬਰ ਦਿਨ ਸ਼ਨਿਚਰਵਾਰ ਸਵੇਰੇ 10 ਵਜੇ ਸੁਖਮਨੀ ਸਾਹਿਬ ਦੇ ਪਾਠ, ਕੀਰਤਨ ਅਤੇ ਲੰਗਰਾਂ ਦੀ ਸੇਵਾ ਸੁਖਵੀਰ ਕੌਰ ਸਿੱਧੂ ਪਰਿਵਾਰ ਵੱਲੋਂ ਹੋਵੇਗੀ।

*1 ਅਕਤੂਬਰ ਦਿਨ ਐਤਵਾਰ ਸਵੇਰੇ ਹਫਤਾਵਾਰੀ ਦੀਵਾਨ ਸਜਣਗੇ।

*1 ਅਕਤੂਬਰ ਦਿਨ ਐਤਵਾਰ ਸਵੇਰੇ 10 ਵਜੇ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਕੀਰਤਨ ਹੋਣਗੇ।ਦੁਪਹਿਰ 12 ਵਜੇ ਸਮਾਪਤੀ ਹੋਵੇਗੀ।

*1 ਅਕਤੂਬਰ ਸ਼ਾਮ 4.30 ਵਜੇ ਸੁਖਮਨੀ ਸਾਹਿਬ, ਸੋਦਰ ਉਪਰੰਤ ਕੀਰਤਨ ਅਤੇ ਲੰਗਰਾਂ ਦੀ ਸੇਵਾ ਜਸਵਿੰਦਰ ਸਿੰਘ ਪਰਿਵਾਰ ਵੱਲੋਂ ਹੋਵੇਗੀ।

ਰਾਗੀ ਜੱਥੇ
ਭਾਈ ਅਵਤਾਰ ਸਿੰਘ ਜੀ ਦਾ ਜਥਾ


ਕਥਾਵਾਚਕ
ਭਾਈ ਜਸਬੀਰ ਸਿੰਘ ਲੁਧਿਆਣਾ ਵਾਲੇ

ਤਬਲਾ ਸਿੱਖਣ ਲਈ ਸੰਪਰਕ ਕਰੋ:
604-413-7171

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ

ਗੁਰਦੁਆਰਾ ਸਾਹਿਬ:604-413-7171

ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007



ਰੋਜਾਨਾ ਦੇ ਪ੍ਰੋਗਰਾਮ

ਸਵੇਰੇ

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

ਸ਼ਾਮ

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਭਾਰਤ-ਕੈਨੇਡਾ ਮਾਮਲੇ ’ਚ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ ਟਰੂਡੋ ਦੀ ਕੀਤੀ ਹਮਾਇਤ

ਮ੍ਰਿਤਸਰ,): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ’ਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵਲੋਂ ਕੈਨੇਡਾ ਦੀ ਸੰਸਦ ਅੰਦਰ ਉਥੋਂ ਦੇ ਵਸਨੀਕ ਸਿੱਖ ਸ. ਹਰਦੀਪ ਸਿੰਘ ਨਿੱਝਰ ਦੇ ਕਤਲ ਮਾਮਲੇ ਵਿਚ ਭਾਰਤੀ ਏਜੰਸੀਆਂ ਦੇ ਅਧਿਕਾਰੀਆਂ ਦਾ ਹੱਥ ਹੋਣ ਬਾਰੇ ਲਗਾਏ ਦੋਸ਼ਾਂ ’ਤੇ ਟਰੂਡੋ ਦੀ ਹਮਾਇਤ ਕੀਤੀ ਗਈ।

ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਪ੍ਰਧਾਨਗੀ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ’ਚ ਪਾਸ ਕੀਤੇ ਗਏ ਇਕ ਵਿਸ਼ੇਸ਼ ਮਤੇ ਵਿਚ ਕਿਹਾ ਗਿਆ। ਕਿ ਕਿਸੇ ਵੀ ਦੇਸ਼ ਦੀ ਸੰਸਦ ਵਿਚ ਪ੍ਰਧਾਨ ਮੰਤਰੀ ਵਲੋਂ ਦਿਤਾ ਗਿਆ ਬਿਆਨ ਆਮ ਨਹੀਂ ਸਮਝਿਆ ਜਾਂਦਾ, ਸਗੋਂ ਦੇਸ਼ ਦੇ ਸੰਵਿਧਾਨ ਦੀ ਮਾਣ-ਮਰਿਆਦਾ ਦੇ ਦਾਇਰੇ ਵਿਚ ਤੱਥਾਂ ਆਧਾਰਤ ਮੰਨਿਆ ਜਾਂਦਾ ਹੈ।

ਪਾਰਲੀਮੈਂਟ ਅੰਦਰ ਪ੍ਰਧਾਨ ਮੰਤਰੀ ਵਲੋਂ ਆਖੀ ਗਈ ਹਰ ਗੱਲ ਨੂੰ ਸਹਿਜੇ ਹੀ ਨਕਾਰਿਆ ਨਹੀਂ ਜਾ ਸਕਦਾ। ਕੈਨੇਡਾ ਦੇ ਪ੍ਰਧਾਨ ਮੰਤਰੀ ਵਲੋਂ ਭਾਰਤੀ ਏਜੰਸੀਆਂ ’ਤੇ ਲਗਾਏ ਦੋਸ਼ਾਂ ਦੀ ਸੱਚਾਈ ਦੋਹਾਂ ਦੇਸ਼ਾਂ ਨੂੰ ਰਾਜਨੀਤੀ ਤੋਂ ਪਰ੍ਹੇ ਜਾ ਕੇ ਇਕ ਸੁਹਿਰਦ ਪਹੁੰਚ ਰਾਹੀਂ ਲੋਕਾਂ ਸਾਹਮਣੇ ਰਖਣੀ ਚਾਹੀਦੀ ਹੈ।

ਜੇਕਰ ਇਸ ਨੂੰ ਕੇਵਲ ਰਾਜਨੀਤੀ ਕਰ ਕੇ ਹੀ ਦਬਾ ਦਿਤਾ ਜਾਂਦਾ ਹੈ ਤਾਂ ਇਹ ਮਾਨਵੀ ਅਧਿਕਾਰਾਂ ਨਾਲ ਨਾ ਇਨਸਾਫ਼ੀ ਮੰਨੀ ਜਾਵੇਗੀ।

ਇਸ ਸਮੁੱਚੇ ਵਰਤਾਰੇ ਵਿਚ ਮੁੱਖ ਮੀਡੀਆ ਅਤੇ ਸ਼ੋਸ਼ਲ ਮੀਡੀਆ ਮੰਚਾਂ ’ਤੇ ਸਿੱਖ ਅਤੇ ਪੰਜਾਬ ਵਿਰੋਧੀ ਫੈਲਾਏ ਜਾ ਰਹੇ ਨਫ਼ਰਤੀ ਕੂੜ ਪ੍ਰਚਾਰ ਦੀ ਵੀ ਕਰੜੀ ਨਿੰਦਾ ਕਰਦਿਆਂ ਕਿਹਾ ਗਿਆ ਹੈ ਕਿ ਮੀਡੀਆ ਦੇ ਵੱਡੇ ਹਿੱਸੇ ਵਲੋਂ ਜਾਣ-ਬੁਝ ਕੇ ਭਾਰਤ ਕੈਨੇਡਾ ਮਾਮਲਾ ਕੇਵਲ ਸਿੱਖਾਂ ਦੀ ਕਿਰਦਾਰਕੁਸ਼ੀ ਕਰਨ ’ਤੇ ਹੀ ਕੇਂਦਰਤ ਕਰ ਦਿੱਤਾ ਗਿਆ ਹੈ।

(ਮੁੱਖ ਪੰਨੇ ਦੀ ਬਾਕੀ) ਦੇ ਗੁਰਪਤਵੰਤ ਸਿੰਘ ਪੰਨੂੰ ਨੇ ਕਿਹਾ ਕਿ ਟੋਰਾਂਟੋ, ਵੈਨਕੂਵਰ, ਓਟਾਵਾ ਅਤੇ ਸਾਨ ਫਰਾਂਸਿਸਕੋ ਵਿੱਚ ਭਾਰਤੀ ਕੌਂਸਲੇਟਾਂ ਸਾਹਮਣੇਂ ਸਿੱਖਾਂ ਨੇ ਕੈਨੇਡਾ ਲਈ ਆਪਣਾ ਸਮਰਥਨ ਦਰਸਾਇਆ। ਉਨਾ ਇਹ ਵੀ ਕਿਹਾ ਕਿ ਹਿੰਦੂਤਵੀਆਂ ਵੱਲੋਂ “ਕੈਨੇਡਾ ਤੇ ਪ੍ਰਮਾਣੂ ਹਮਲਾ ਕਰਨ ਦੀਆਂ ਧਮਕੀਆਂ ਅਤੇ ਸਿੱਖਾਂ ਦੇ ਨੇਤਾਵਾਂ ਨੂੰ ਖਤਮ ਕਰਨ ਲਈ “ਸਰਜੀਕਲ ਸਟ੍ਰਾਈਕ” ਸ਼ੁਰੂ ਕਰਨ ਦੇ ਭਾਰਤ ਦੇ ਸੱਦੇ ਨੂੰ ਚੁਣੌਤੀ ਦੇਣ ਲਈ ਸਿੱਖ ਇਕੱਠੇ ਹੋਏ ਹਨ। ਸਿੱਖ ਪ੍ਰਦਰਸ਼ਨਕਾਰੀਆਂ ਨੇ ਨਿੱਝਰ ਲਈ ਇਨਸਾਫ਼, ਖਾਲਿਸਤਾਨ ਦੀ ਸਥਾਪਨਾ ਅਤੇ ਵਰਮਾ ਨੂੰ ਕੱਢਣ ਦੀ ਮੰਗ ਵਾਲੀਆਂ ਤਖ਼ਤੀਆਂ ਫੜੀਆਂ ਹੋਈਆਂ ਸਨ। ਪ੍ਰਦਰਸ਼ਨਕਾਰੀਆਂ ਨੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਪ੍ਰਸ਼ੰਸਾ ਕੀਤੀ। ਬੁਲਾਰਿਆਂ ਨੇ ਕਿਹਾ ਕਿ ਭਾਰਤ ਨੇ ਇੱਕ ਕੈਨੇਡੀਅਨ ਨਾਗਰਿਕ ਦਾ ਕਤਲ ਕਰਕੇ ਕੈਨੇਡਾ ਦੀ ਪ੍ਰਭੂਸੱਤਾ ਨੂੰ ਖੁੱਲ੍ਹੀ ਚੁਣੌਤੀ ਦਿੱਤੀ ਹੈ ਅਤੇ ਉਸ ਦੀ ਉਲੰਘਣਾ ਕੀਤੀ ਹੈ। ਉਨ੍ਹਾਂ ਕਿਹਾ ਕਿ ਕੈਨੇਡਾ ਅਤੇ ਬਾਕੀ ਦੁਨੀਆ ਨੇ ਇਹ ਗੱਲ ਮੰਨੀ ਹੈ ਕਿ ਸਿੱਖ ਕੌਮ ਭਾਰਤੀ ਅੱਤਵਾਦ ਦਾ ਸ਼ਿਕਾਰ ਹਨ। ਇਸ ਸਮੇਂ ਇਹ ਮੁਦਾ ਵੀ ਚੁੱਕਿਆ ਗਿਆ ਕਿ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਗੁਰਪਤਵੰਤ ਸਿੰਘ ਪੰਨੂ ਨੂੰ ਖਤਮ ਕਰਨ ਲਈ ਭਾਰਤ ਦੀ ਪਾਰਲੀਮੈਂਟ ਵਿੱਚ ਗੱਲਾਂ ਹੋਈਆਂ। ਮੋਦੀ ਸ਼ਾਸਨ ਦੀ ਹਮਾਇਤ ਪ੍ਰਾਪਤ ਭਾਰਤੀ ਰਾਸ਼ਟਰਵਾਦੀ ਮੀਡੀਆ ਨੇ ਕੈਨੇਡਾ ਤੇ ਪ੍ਰਮਾਣੂ ਹਥਿਆਰਾਂ ਨਾਲ ਹਮਲੇ ਦੀਆਂ ਚਿਤਾਵਨੀ ਦਿੱਤੀਆਂ ਸਨ। ਇੱਕ ਬਹਿਸ ਵਿੱਚ, ਇੱਕ ਭਾਰਤੀ ਰਾਸ਼ਟਰਵਾਦੀ ਟੀਵੀ ਚੈਨਲ ਨੇ 22 ਸਤੰਬਰ ਨੂੰ ਰਾਜੀਵ ਅਰੋੜਾ ਦੀਆਂ ਟਿੱਪਣੀਆਂ ਪ੍ਰਸਾਰਿਤ ਕੀਤੀਆਂ ਜਿਸ ਵਿੱਚ ਕੈਨੇਡਾ ਦੀ ਧਰਤੀ ‘ਤੇ ਨਿੱਝਰ ਦੀ ਹੱਤਿਆ ਲਈ ਭਾਰਤੀ ਏਜੰਟਾਂ ਨੂੰ ਜ਼ਿੰਮੇਵਾਰ ਠਹਿਰਾਉਣ ਲਈ ਪ੍ਰਧਾਨ ਮੰਤਰੀ ਟਰੂਡੋ ਨੂੰ ਅੱਤਵਾਦੀ ਘੋਸ਼ਿਤ ਕੀਤਾ ਗਿਆ ਸੀ। 22 ਸਤੰਬਰ ਨੂੰ ਭਾਰਤੀ ਸੰਸਦ ਵਿੱਚ, ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਨਿੱਝਰ ਦੀ ਹੱਤਿਆ ਬਾਰੇ ਕਨੇਡਾ ਦੀ ਕਾਰਵਾਈ ਦੀ ਨਿੰਦਾ ਕਰਦੇ ਹੋਏ, ਪੰਨੂ ਨੂੰ ਖਤਮ ਕਰਨ ਲਈ ਕੈਨੇਡਾ ਵਿੱਚ ਇੱਕ ਹੋਰ “ਸਰਜੀਕਲ ਸਟ੍ਰਾਈਕ” ਕਰਨ ਦਾ ਸੱਦਾ ਦਿੱਤਾ। ਰਾਜੀਵ ਅਰੋੜਾ ਵਰਗੇ ਇੰਡੋ-ਕੈਨੇਡੀਅਨ ਹਿੰਦੂ ਕੈਨੇਡਾ ਵਿਰੁੱਧ ਅੱਤਵਾਦ ਦੀਆਂ ਕਾਰਵਾਈਆਂ ਦਾ ਸਮਰਥਨ ਕਰ ਰਹੇ ਹਨ ਅਤੇ ਪ੍ਰਧਾਨ ਮੰਤਰੀ ਟਰੂਡੋ ਨੂੰ ਧਮਕੀਆਂ ਦੇ ਰਹੇ ਹਨ, ਇਸ ਲਈ ਇਹ ਨਿਊ ਡੈਮੋਕ੍ਰੇਟਿਕ ਪਾਰਟੀ (ਐਨਡੀਪੀ) ਅਤੇ ਕੰਜ਼ਰਵੇਟਿਵ ਨੇਤਾਵਾਂ ਦੀ ਰਾਸ਼ਟਰੀ ਜ਼ਿੰਮੇਵਾਰੀ ਹੈ ਕਿ ਉਹ ਖਤਰਿਆਂ ਦਾ ਜਵਾਬ ਦੇਣ। ਬੁਲਾਰਿਆਂ ਨੇ ਕੈਨੇਡੀਅਨਾਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਇਹ ਸਥਿਤੀ ਕੈਨੇਡਾ ਦੀ ਪ੍ਰਭੂਸੱਤਾ ਨੂੰ ਸਿੱਧੀ ਚੁਣੌਤੀ ਦਿੰਦੀ ਹੈ। ਸਿੱਖਾਂ ਨੇ ਕੈਨੇਡਾ ਦੀ ਰੱਖਿਆ ਲਈ ਆਪਣੇ ਸੰਕਲਪ ਦੀ ਆਵਾਜ਼ ਉਠਾਈ।


ਇੰਮੀਗਰੇਸ਼ਨ ਸਬੰਧੀ ਤਸੱਲੀਬਖਸ਼ ਸੇਵਾਵਾਂ ਲਈ
CANADIAN VISA & SUPER VISA*
SPOUSAL SPONSORSHIP*
STUDY- WORK PERMIT & LMIA*
CIC REFUSAL APPEAL CASES*
PR & CITIZENSHIP APPLICATION*
INDIAN VISA-NAME CHANGE APPLICATION
PCC-OCI-RTI APPLICATIONS
IELTS & ENGLISH SPEAKING
*Services provided by Registered Canadian Immigration Consultant
* Settlement Services For New Immigrants
* Social Insurance Number-Medical Service Plan
*Child Care Benefit Application


Call : 778-869-1097
By Appointment Only
#202-12677-80AVE SURREY

GOLDEN STAR PAINTING
ਸਾਨੂੰ ਵਰਕਰਾਂ ਦੀ ਲੋੜ ਹੈ
ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ

Free Estimate
ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ
ਭੁਪਿੰਦਰ ਸਿੰਘ ਗਿੱਲ: 604-897-5750

SUPER SANDHU
ਕਲਾਸ 4 ਡਰਾਈਵਰਾਂ ਦੀ ਲੋੜ
ਸਾਨੂੰ ਐਬਟਸਫੋਰਡ ਅਤੇ ਸਰੀਂ ਤੋਂ ਬੇਰੀ ਪਿੱਕਰਾਂ, ਕੈਨਰੀ, ਨਰਸਰੀ ਗਰੇਡਿੰਗ ਲਾਇਨ ਅਤੇ ਗਰੀਨ ਹਾਊਸ ਦੇ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।
ਸਾਡੇ ਨਾਲ ਅੱਜ ਹੀ ਸੰਪਰਕ ਕਰੋ
Gary Varing: 604-807-3910
Charlie Sandhu: 604-864-7711

The Builder's Direct
Experienced & Honest
Bath & Kitchen Fixtures

Wholesale price to public
We carry all major brands
Fireplaces Also Available

Get all kind of Kitchen & Washroom Fixtures at wholesale prices.
Call For Free Estimates
Parminder Singh: 604-787-7838
604-593-7755
12652-82 Ave, Surrey BC

# ਕਾਨਪੁਰ ਵਿਖੇ ਭਾਜਪਾ ਵਰਕਰਾਂ ਵੱਲੋਂ ਸਿੱਖ ਨੌਜਵਾਨ ਨਾਲ ਕੁੱਟਮਾਰ ਦੀ ਘਟਨਾ ਬੇਹੱਦ ਮੰਦਭਾਗੀ

ਨਵੀਂ ਦਿੱਲੀ(ਮਨਪ੍ਰੀਤ ਸਿੰਘ ਖਾਲਸਾ): ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਕੁਲਦੀਪ ਸਿੰਘ ਭੋਗਲ ਨੇ ਯੂ.ਪੀ ਦੇ ਕਾਨਪੁਰ ਵਿੱਖੇ ਭਾਜਪਾ ਵਰਕਰਾਂ ਵੱਲੋਂ ਸਿੱਖ ਨੌਜਵਾਨ ਅਮੋਲਦੀਪ ਸਿੰਘ ਨਾਲ ਕੀਤੀ ਗਈ ਕੁੱਟਮਾਰ ਦੀ ਘਟਨਾ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਦੱਸਿਆ ਕਿ ਬੀਤੇ ਦਿਨੀਂ ਭਾਜਪਾ ਕੌਂਸਲਰ ਸੋਮਿਆ ਸ਼ੁਕਲਾ ਦੀ ਕਾਰ ਅਤੇ ਅਮੋਲਦੀਪ ਸਿੰਘ ਭਾਟੀਆ ਦੀ ਕਾਰ ਨਾਲ ਆਪਸ ਵਿਚ ਟੱਕਰ ਹੋ ਗਈ ਜਿਸ ਤੋਂ ਬਾਅਦ ਪਾਰਸ਼ਦ ਦੀ ਕਾਰ ਵਿਚ ਮੌਜੂਦ ਭਾਜਪਾ ਦੇ ਗੁੰਡਿਆਂ ਨੇ ਕੁੱਟਮਾਰ ਸ਼ੁਰੂ ਕਰ ਦਿੱਤੀ ਅਤੇ ਇਸ ਕਦਰ ਜ਼ੁਲਮ ਢਹਾਇਆ ਕਿ ਅਮੋਲਦੀਪ ਸਿੰਘ ਦੀ ਅੱਖਾਂ ਕੱਢ ਕੇ ਰੱਖ ਦਿੱਤੀਆਂ। ਮਗਰੋਂ ਹਸਪਤਾਲ ਵਿਚ ਦਾਖਲ ਕਰਾਇਆ ਗਿਆ ਤਾਂ ਪਤਾ ਚਲਿਆ ਕਿ ਸਿੱਖ ਨੌਜਵਾਨ ਦੀਆਂ ਅੱਖਾਂ ਦੀ ਰੌਸ਼ਨੀ ਚਲੀ ਗਈ ਹੈ। ਉਨ੍ਹਾਂ ਕਿਹਾ ਕਾਨਪੁਰ ਪੁਲਿਸ ਇਸ ਮਾਮਲੇ ਵਿਚ ਢਿੱਲਮੁਲ ਰਵੱਈਆ ਅਖਤਿਆਰ ਕਰ ਰਹੀ ਹੈ ਅਤੇ ਪੀੜਿਤ ਪਰਿਵਾਰ ਨੂੰ ਦਰ-ਦਰ ਭਟਕਣਾ ਪੈ ਰਿਹਾ ਹੈ। ਕਾਨਪੁਰ ਪੁਲਿਸ ਵੱਲੋਂ ਜੋ ਧਾਰਾਵਾਂ ਲਗਾਈਆਂ ਗਈਆਂ ਹਨ ਉਹ ਬਹੁਤ ਹੀ ਛੋਟੀਆਂ ਹਨ, ਉਨ੍ਹਾਂ ਕਾਨਪੁਰ ਪੁਲਿਸ ਨੂੰ ਅਪੀਲ ਕਰਦਿਆਂ ਕਿਹਾ ਕਿ ਮਾਮਲੇ ਵਿਚ ਧਾਰਾ 307 ਲਗਾਈ ਜਾਣੀ ਚਾਹੀਦੀ ਹੈ ਤਾਂ ਜੋ ਦੋਸ਼ੀਆਂ ਨੂੰ ਜ਼ਮਾਨਤ ਨਾ ਮਿਲ ਸਕੇ।



# ਸਿੱਖੋ ਜਾਗੋ... !

ਵੈਸੇ ਜਾਗੋ, ਉਨ੍ਹਾਂ ਨੂੰ ਕਿਹਾ ਜਾਂਦਾ ਹੈ, ਜਿਹੜੇ ਸੁੱਤੇ ਹੋਣ, ਸੁੱਤਾ ਬੰਦਾ ਜਾਗਣ ਦਾ ਹੋਕਾ ਸੁਣ ਕੇ ਉੱਠ ਬੈਠਦਾ ਹੈ। ਪ੍ਰੰਤੂ ਜਿਹੜਾ ਮਚਲਾ ਹੋ ਕੇ ਪਿਆ ਹੋਵੇ, ਉਸਨੂੰ 'ਜਾਗੋ' ਦੇ ਕਿੰਨੇ ਹੋਕੇ ਮਾਰ ਲਵੋ, ਉਸਨੇ ਔਖ ਨਹੀਂ ਪੱਟਣੀ।ਆਪਣੇ ਸੁੱਤੇ ਹੋਣ ਦਾ ਵਿਖਾਵਾ ਹੀ ਕਰਦਾ ਰਹੇਗਾ। ਹੁਣ ਇਹ ਗੱਲ੍ਹ ਦੁਨੀਆਂ ਦੀਆਂ ਦੋ ਵੱਡੀਆਂ ਸ਼ਕਤੀਆਂ ਨੇ ਉਜਾਗਰ ਕੀਤੀ ਹੈ ਕਿ ਭਾਰਤੀ ਏਜੰਸੀਆਂ ਸਿੱਖ ਨੌਜਵਾਨ ਦਾ ਕਤਲੇਆਮ ਕਰ ਰਹੀਆਂ ਹਨ।ਉਹ ਇਹ ਸਮਝ ਚੁੱਕੀਆਂ ਹਨ ਕਿ ਬਾਹਰਲੇ ਸਿੱਖਾਂ ਦਾ ਮੂੰਹ ਬੰਦ ਕਰਨਾ ਜ਼ਰੂਰੀ ਹੈ।

ਇਸ ਲਈ ਇਹ ਕਤਲੋਗਾਰਦ ਸ਼ੁਰੂ ਕੀਤੀ ਗਈ ਹੈ। ਪ੍ਰੰਤੂ ਜਿਹੜੀਆਂ ਮਨੁੱਖੀ ਅਧਿਕਾਰਾਂ ਦੀ ਰਾਖ਼ੀ ਦਾ ਦਮ ਭਰਨ ਵਾਲੀਆਂ ਸ਼ਕਤੀਆਂ ਪਹਿਲਾ ਇਸ ਕਾਰਣ ਚੁੱਪ ਸਨ ਕਿ ਇਹ ਇਨ੍ਹਾਂ ਦਾ ਅੰਦਰੂਨੀ ਮਾਮਲਾ ਹੈ।ਪ੍ਰੰਤੂ ਹੁਣ ਜਦੋਂ ਇਹ ਕਤਲੋਗਾਰਦ ਉਨ੍ਹਾਂ ਦੀ ਧਰਤੀ ਤੇ ਹੋਣ ਲੱਗ ਪਈ ਤਾਂ ਉਨ੍ਹਾਂ ਨੂੰ ਚੁੱਪ ਰਹਿਣਾ ਔਖਾ ਹੋ ਗਿਆ। ਦੁਨੀਆਂ ਦੇ ਸਾਰੇ ਦੇਸ਼ਾਂ 'ਚ ਜੇ ਇਹ ਮਰਦਮ ਸ਼ੁਮਾਰੀ ਕਰਵਾਈ ਜਾਵੇ ਤਾਂ ਕਿ ਕਿਸ ਦੇਸ਼ 'ਚ ਮਨੁੱਖੀ ਅਧਿਕਾਰਾਂ ਦੀ ਸਭ ਤੋਂ ਵੱਡੀ ਖ਼ੂਨੀ ਉਲੰਘਣਾ ਹੋ ਰਹੀ ਹੈ ਤਾਂ ਨਤੀਜਾ ਆਵੇਗਾ ਕਿ 'ਭਾਰਤ'। ਨਰਿੰਦਰ ਮੋਦੀ ਤੇ ਅੰਮ੍ਰਿਤ ਸ਼ਾਹ ਦੁਨੀਆਂ ਦੇ ਸਭ ਤੋਂ ਵੱਡੇ ਜ਼ਾਲਮ ਤਾਨਾਸ਼ਾਹ ਮੰਨੇ ਜਾਣਗੇ।

ਦੁਨੀਆਂ ਦੀਆਂ ਵੱਡੀਆਂ ਸ਼ਕਤੀਆਂ ਭਾਰਤ ਨੂੰ ਸਿੱਖਾਂ ਦੀਆਂ ਕਾਤਲ ਗਰਦਾਨ ਰਹੀਆਂ ਹਨ, ਇਧਰ ਸਿੱਖਾਂ ਦੇ ਧੱਕੇ ਨਾਲ ਪ੍ਰਤੀਨਿਧ ਬਣੇ ਬੈਠੇ ਸੁਖਬੀਰ ਬਾਦਲ ਤੇ ਹਰਸਿਮਰਤ, ਅਮਿਤ ਸ਼ਾਹ ਨਾਲ ਮੀਟਿੰਗ ਕਰਦੇ ਬੈਠੇ ਹਨ। ਸਿੱਖ ਆਗੂਆਂ ਦਾ ਕਿਰਦਾਰ ਕੀ ਹੈ? ਸਿੱਖਾਂ ਦੇ ਕਾਤਲਾਂ ਨਾਲ ਮੀਟਿੰਗ ਤਾਂ ਕਿ ਸਿਰਫ ਗਠਜੋੜ ਲਈ ਤਾਂ ਕਿ ਲੋਕ ਸਭਾ ਦੀਆਂ 1-2 ਸੀਟਾਂ ਜਿੱਤ ਸਕੀਏ।

ਕਨੇਡਾ ਦੇ ਪ੍ਰਧਾਨ ਮੰਤਰੀ ਵੱਲੋਂ ਆਪਣੇ ਪਾਰਲੀਮੈਂਟ 'ਚ ਭਾਰਤ ਤੇ ਇਲਜ਼ਾਮ ਤੋਂ ਅਮਰੀਕਾ ਵੱਲੋਂ ਉਸਦੀ ਪੁਸ਼ਟੀ ਤੋਂ ਸਿੱਖ ਸਮਾਜ 'ਚ ਭੂਚਾਲ ਉੱਠ ਖੜ੍ਹਾ ਹੋਣਾ ਚਾਹੀਦਾ ਸੀ। ਪ੍ਰੰਤੂ ਇਥੋਂ ਸੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਇਸ ਭਿਆਨਕ ਹੰਗਾਮੀ ਸਥਿਤੀ ਦਾ ਵਿਸ਼ਲੇਸ਼ਣ ਕਰਨ ਦੀ ਥਾਂ ਵਿਦੇਸ਼ਾਂ ਦੀ ਧਰਤੀ ਤੇ ਸੈਰਾਂ ਕਰ ਰਿਹਾ ਹੈ।

ਸੁਖਬੀਰ ਤੇ ਹਰਸਿਮਰਤ ਦੀ ਅਮਿਤ ਸ਼ਾਹ ਨਾਲ ਮੀਟਿੰਗ ਤੋਂ ਬਾਅਦ ਸ਼੍ਰੋਮਣੀ ਕਮੇਟੀ ਪ੍ਰਧਾਨ ਦੀ ਬੋਲੀ ਬਦਲ ਜਾਂਦੀ ਹੈ।

ਚਲੋ ! ਕੋਈ "ਹਰਿਓ ਬੂਟ ਰਹਿਓ ਰਹੀ" ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਹੌਸਲਾ ਤਾਂ ਕੀਤਾ ਕਿ ਕੌਮ ਦੀ ਚੀਸ ਸੁਣੀ ਜਾਵੇ। ਜਦੋਂ ਕਿ ਥਾਂ-ਥਾਂ ਫ਼ਾਂਸੀਵਾਦੀ ਹਿੰਦ ਹਕੂਮਤ ਦੇ ਕਾਰੇ ਵਿਰੋਧ ਜਬਰ ਦਸਤ ਰੋਹ ਮੁਜ਼ਾਹਰੇ ਯੂ.ਐਨ.ਓ ਦੀ ਬਰੂਹਾਂ ਤੱਕ ਕੀਤੇ ਜਾਣੇ ਚਾਹੀਦੇ ਸਨ। ਜੋ ਭਾਰਤ ਸਰਕਾਰ ਦੀ ਇਸ ਦਹਿਸ਼ਤਗਰਦੀ ਨੂੰ ਨੱਥ ਨਾ ਪਾਈ ਗਈ ਤਾਂ ਸਿੱਖ ਦੇਸ਼-ਵਿਦੇਸ਼ ਚ ਕਿਤੇ ਵੀ ਸੁਰੱਖਿਅਤ ਨਹੀਂ ਰਹੇਗਾ।

ਜਸਪਾਲ ਸਿੰਘ ਹੇਰਾਂ


ਮਨ ਮਨੁੱਖ ਦੀ ਕੁੰਜੀ ਹੈ

Mind is the key to the man.

NATURAL **HOMEOPATHIC** SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:

- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.

ਹੋਮਿਓਪੈਥ ਆਰ. ਐਸ. ਸੈਣੀ D.HOM. (London), MD(AM), International Medal Awardee 1973 ਤੋ ਐਕਟਿਵ ਪ੍ਰੈਕਟਿਸ ਵਿਚੱ

**For Abbotsford**
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

**For Surrey**
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com

# TMG LOGISTICS INC.

## Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads



## Need Company Drivers

*Single Driver Pay 52cents/mile*
*Team Drivers 32 cents/mile*

FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਸਿੱਖ ਕੌਮ ਵਿਰੁੱਧ ਨਫਰਤ ਪੈਦਾ ਕਰਨ ਲਈ ਅਤੇ ਆਪਣੇ ਵੋਟ ਬੈਂਕ ਨੂੰ ਪੱਕਾ ਕਰਨ ਲਈ ਮੌਜੂਦਾ ਹੁਕਮਰਾਨ ਰੱਚ ਰਹੇ ਹਨ ਬਹੁਤ ਡੂੰਘੀ ਅਤੇ ਖਤਰਨਾਕ ਸਾਜਿਸ਼:ਮਾਨ

ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):-ਸ. ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਪ੍ਰਧਾਨਗੀ ਹੇਠ ਸੰਗਰੂਰ ਵਿਖੇ ਪੀ.ਏ.ਸੀ. ਮੈਬਰਾਂ ਦੀ ਹੋਈ ਇਕ ਜ਼ਰੂਰੀ ਮੀਟਿੰਗ ਵਿਚ ਕਿਹਾ ਕਿ ਇੰਡੀਆ ਦੀ ਏਜੰਸੀ ਐਨ.ਆਈ.ਏ ਜਿਸ ਉਤੇ ਭਾਈ ਹਰਦੀਪ ਸਿੰਘ ਨਿੱਝਰ, ਭਾਈ ਰਿਪੁਦਮਨ ਸਿੰਘ ਮਲਿਕ, ਭਾਈ ਅਵਤਾਰ ਸਿੰਘ ਖੰਡਾ, ਭਾਈ ਪਰਮਜੀਤ ਸਿੰਘ ਪੰਜਵੜ, ਭਾਈ ਦੀਪ ਸਿੰਘ ਸਿੱਧੂ, ਸੁਭਦੀਪ ਸਿੰਘ ਸਿੱਧੂ ਮੂਸੇਵਾਲਾ ਆਦਿ ਸਿਰਕੱਢ ਸਿੱਖਾਂ ਨੂੰ ਕਤਲ ਕਰਨ ਦੇ ਕੌਮਾਂਤਰੀ ਪੱਧਰ ਦੇ ਦੋਸ਼ ਲੱਗੇ ਹੋਏ ਹਨ ਅਤੇ ਜੋ ਐਨ.ਆਈ.ਏ. ਇੰਡੀਅਨ ਹੁਕਮਰਾਨਾਂ ਦੇ ਗੈਰ ਕਾਨੂੰਨੀ ਅਤੇ ਗੈਰ ਸਮਾਜਿਕ ਅਮਲਾਂ ਨੂੰ ਨੇਪਰੇ ਚਾੜਦੇ ਹੋਏ ਜੋ ਇਨ੍ਹਾਂ ਨੂੰ ਲੱਖਾਂ ਕਰੋੜਾਂ ਦੇ ਗੁਪਤ ਫੰਡ ਪ੍ਰਾਪਤ ਹਨ, ਉਨ੍ਹਾਂ ਦੀ ਦੁਰਵਰਤੋ ਕਰਦੇ ਹੋਏ ਇੰਡੀਆ ਵਿਚ ਅਤੇ ਬਾਹਰਲੇ ਮੁਲਕਾਂ ਵਿਚ ਮਨੁੱਖਤਾ ਦਾ ਕਤਲੇਆਮ ਕਰ ਰਹੀ ਹੈ, ਸਿੱਖ ਕੌਮ ਪ੍ਰਤੀ ਨਫਰਤ ਫੈਲਾ ਰਹੇ ਹਨ, ਇਨ੍ਹਾਂ ਨੂੰ ਕੋਈ ਹੱਕ ਨਹੀ ਕਿ ਉਹ ਸਿੱਖ ਕੌਮ ਦੀ ਆਜਾਦੀ ਲਈ ਜਮਹੂਰੀਅਤ ਅਤੇ ਅਮਨਮਈ ਢੰਗ ਨਾਲ ਚੱਲ ਰਹੇ ਕੌਮਾਂਤਰੀ ਪੱਧਰ ਦੇ ਸੰਘਰਸ਼ ਵਿਚ ਯੋਗਦਾਨ ਪਾਉਣ ਵਾਲੇ 19 ਸਿੱਖਾਂ ਦੀ ਸੂਚੀ ਜਾਰੀ ਕਰਕੇ ਸਿੱਖ ਕੋਮ ਨੂੰ ਕੌਮਾਂਤਰੀ ਪੱਧਰ ਤੇ ਬਦਨਾਮ ਕਰਨ ਅਤੇ ਇਸ ਤਰ੍ਹਾਂ ਸਿੱਖ ਨੌਜਵਾਨਾਂ ਨੂੰ ਨਿਸ਼ਾਨਾਂ ਬਣਾਕੇ ਕਤਲ ਕਰਨ।ਹਾਊਸ ਨੇ ਕਿਹਾ ਕਿ ਸਮੁੱਚੇ ਸੰਸਾਰ ਨੂੰ ਇਹ ਜਾਣਕਾਰੀ ਹੈ ਕਿ ਜਦੋ ਤੱਕ ਕੋਈ ਵੀ ਇਨਸਾਨ ਅਦਾਲਤੀ ਪ੍ਰਕਿਰਿਆ ਵਿਚੋ ਨਿਕਲਕੇ ਅਦਾਲਤ ਵੱਲੋ ਦੋਸ਼ੀ ਨਹੀ ਠਹਿਰਾਇਆ ਜਾਂਦਾ, ਉਸ ਸਮੇ ਤੱਕ ਕਿਸੇ ਵੀ ਆਮ ਇਨਸਾਨ ਨੂੰ ਇਹ ਇੰਡੀਅਨ ਏਜੰਸੀਆ ਨਾ ਤਾਂ ਇਸ ਤਰ੍ਹਾਂ ਦੋਸ਼ੀ ਠਹਿਰਾਅ ਸਕਦੀਆ ਹਨ ਅਤੇ ਨਾ ਹੀ ਅਜਿਹੀਆ ਸੂਚੀਆ ਜਾਰੀ ਕਰ ਸਕਦੀਆ ਹਨ । ਇਹ ਸਾਜਿਸ ਤਾਂ ਸ੍ਰੀ ਮੋਦੀ ਹਕੂਮਤ ਤੇ ਉਨ੍ਹਾਂ ਦੀਆਂ ਏਜੰਸੀਆਂ ਵੱਲੋ ਬਾਲਾਕੋਟ ਸਰਜੀਕਲ ਸਟ੍ਰਾਈਕ ਦੀ ਤਰ੍ਹਾਂ ਹੀ ਆਉਣ ਵਾਲੀਆ 2024 ਦੀਆਂ ਚੋਣਾਂ ਵਿਚ ਸਮੁੱਚੇ ਹਿੰਦੂ ਕੌਮ ਨੂੰ ਇਕੱਤਰ ਕਰਨ ਲਈ, ਸਿੱਖ ਕੌਮ ਵਿਰੁੱਧ ਨਫਰਤ ਪੈਦਾ ਕਰਨ ਲਈ ਅਤੇ ਆਪਣੇ ਵੋਟ ਬੈਂਕ ਨੂੰ ਪੱਕਾ ਕਰਨ ਲਈ ਬਹੁਤ ਡੂੰਘੀ ਅਤੇ ਖਤਰਨਾਕ ਸਾਜਿਸ ਰਚੀ ਗਈ ਹੈ।ਜਿਸਨੂੰ ਸਿੱਖ ਕੌਮ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲੇ ਸੰਗਠਨ, ਸਖਸੀਅਤਾਂ ਕਤਈ ਸਹਿਣ ਨਹੀ ਕਰਨਗੀਆਂ । ਜੋ ਐਨ.ਆਈ.ਏ ਵੱਲੋ 19 ਸਿੱਖਾਂ ਦੀਆਂ ਮੀਡੀਏ ਵਿਚ ਫੋਟੋਆਂ ਜਾਰੀ ਕਰਕੇ ਸੂਚੀ ਜਾਰੀ ਕੀਤੀ ਗਈ ਹੈ ਜਿਨ੍ਹਾਂ ਦੇ ਨਾਮ ਪਰਮਜੀਤ ਸਿੰਘ ਪੰਮਾ ਯੂਕੇ, ਵਧਾਵਾ ਸਿੰਘ ਬੱਬਰ ਪਾਕਿਸਤਾਨ, ਕੁਲਵੰਤ ਸਿੰਘ ਮੁਥਰਾ ਯੂਕੇ, ਜੇ.ਐਸ. ਧਾਲੀਵਾਲ ਅਮਰੀਕਾ, ਸੁਖਪਾਲ ਸਿੰਘ ਯੂਕੇ, ਹਰਪ੍ਰੀਤ ਸਿੰਘ ਉਰਫ ਰਾਣਾ ਸਿੰਘ ਅਮਰੀਕਾ, ਸਰਬਜੀਤ ਸਿੰਘ ਬੇਨੂਰ ਯੂਕੇ, ਕੁਲਵੰਤ ਸਿੰਘ ਉਰਫ ਕਾਂਤਾ ਯੂਕੇ, ਹਰਜਾਪ ਸਿੰਘ ਉਰਫ ਜੱਪੀ ਸਿੰਘ ਅਮਰੀਕਾ, ਰਣਜੀਤ ਸਿੰਘ ਨੀਟਾ ਪਾਕਿਸਤਾਨ, ਗੁਰਮੀਤ ਸਿੰਘ ਉਰਫ ਬੱਗਾ ਬਾਬਾ ਕੈਨੇਡਾ, ਗੁਰਪ੍ਰੀਤ ਸਿੰਘ ਉਰਫ ਬਾਗੀ ਯੂਕੇ, ਜਸਮੀਤ ਸਿੰਘ ਹਕੀਮਜ਼ਾਦਾ ਦੁਬੱਈ, ਗੁਰਜੰਟ ਸਿੰਘ ਢਿੱਲੋ ਆਸਟ੍ਰੇਲੀਆ, ਲਖਬੀਰ ਸਿੰਘ ਰੋਡੇ ਕੈਨੇਡਾ, ਅਮਰਦੀਪ ਸਿੰਘ ਪੁਰੇਵਾਲ ਅਮਰੀਕਾ, ਜਤਿੰਦਰ ਸਿੰਘ ਗਰੇਵਾਲ ਕੈਨੇਡਾ, ਦਪਿੰਦਰਜੀਤ ਯੂਕੇ ਅਤੇ ਐਸ. ਹਿੰਮਤ ਸਿੰਘ ਅਮਰੀਕਾ, ਇਹ ਸਿੱਖ ਕੌਮ ਵਿਰੋਧੀ ਸਾਜਿਸ ਦਾ ਹਿੱਸਾ ਹੈ। ਜਿਸਨੂੰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਤੇ ਸਿੱਖ ਕੌਮ ਪੂਰੀ ਤਰ੍ਹਾਂ ਜਿਥੇ ਰੱਦ ਕਰਦੇ ਹਨ, ਉਥੇ ਕੈਨੇਡਾ ਤੇ ਹੋਰ ਜਮਹੂਰੀਅਤ ਪਸ਼ੰਦ ਸਭ ਮੁਲਕਾਂ, ਮਨੁੱਖੀ ਅਧਿਕਾਰ ਸੰਗਠਨਾਂ, ਯੂ.ਐਨ, ਏਸੀਆ ਵਾਚ ਹਿਊਮਨਰਾਈਟਸ, ਕੌਮਾਂਤਰੀ ਮਨੁੱਖੀ ਅਧਿਕਾਰ ਸੰਗਠਨ ਆਦਿ ਸਭ ਨੂੰ ਇਹ ਅਪੀਲ ਕਰਦੇ ਹਾਂ ਕਿ ਉਹ ਇੰਡੀਆ ਦੇ ਇਸ ਅਣਮਨੁੱਖੀ ਜ਼ਬਰ ਅਤੇ ਸਿੱਖ ਕੌਮ ਵਿਰੋਧੀ ਸਾਜਿਸ ਨੂੰ ਨੰਗਾ ਕਰਨ ਹਿੱਤ ਅਤੇ ਸਰਬੱਤ ਦਾ ਭਲਾ ਲੋੜਨ ਵਾਲੀ ਸਿੱਖ ਕੌਮ ਨੂੰ ਇਨਸਾਫ ਦਿਵਾਉਣ ਲਈ ਸਮੂਹਿਕ ਤੌਰ ਤੇ ਅੱਗੇ ਆਉਣ ਅਤੇ ਜੋ ਕੈਨੇਡਾ ਦੇ ਵਜੀਰ ਏ ਆਜਮ ਮਿਸਟਰ ਜਸਟਿਨ ਟਰੂਡੋ ਨੇ ਦ੍ਰਿੜਤਾ ਤੇ ਇਨਸਾਨੀਅਤ ਪੱਖੀ ਜਮਹੂਰੀਅਤ ਤੇ ਅਮਨਮਈ ਪੱਖੀ ਸਟੈਂਡ ਲਿਆ ਹੈ, ਉਸਨੂੰ ਸਭ ਸੰਜੀਦਗੀ ਤੇ ਦ੍ਰਿੜਤਾ ਨਾਲ ਸਹਿਯੋਗ ਕਰਨ ਤਾਂ ਕਿ ਇੰਡੀਅਨ ਹੁਕਮਰਾਨ ਅਤੇ ਉਨ੍ਹਾਂ ਦੀਆਂ ਏਜੰਸੀਆ ਵੱਲੋ ਇੰਡੀਆ ਤੇ ਕੌਮਾਂਤਰੀ ਪੱਧਰ ਤੇ ਸਿੱਖ ਕੌਮ ਵਿਰੁੱਧ ਕੀਤੇ ਜਾ ਰਹੇ ਗੁੰਮਰਾਹਕੁੰਨ ਪ੍ਰਚਾਰ ਨੂੰ ਅਸਫਲ ਬਣਾਕੇ ਇਨਸਾਨੀਅਤ ਕਦਰਾਂ ਕੀਮਤਾਂ ਦੀ ਅਸੀ ਸਭ ਰੱਖਿਆ ਕਰ ਸਕੀਏ।ਉਨ੍ਹਾਂ ਕਿਹਾ ਕਿ ਬੜੀ ਹੀ ਮੰਦਭਾਗੀ ਗੱਲ ਹੈ ਕਿ ਇਕ ਪਾਸੇ ਤਾਂ ਪ੍ਰਧਾਨਮੰਤਰੀ ਨਰੇਂਦਰ ਮੋਦੀ ਸਿੱਖਾਂ ਦੀ ਹਿਮਾਇਤ ਕਰਦੇ ਹਨ ਲੇਕਿਨ ਦੂਜੇ ਪਾਸੇ ਭਾਜਪਾ ਵਰਕਰ ਸਿੱਖਾਂ ਨਾਲ ਕੁੱਟਮਾਰ ਕਰਦੇ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਪੀੜਿਤ ਪਰਿਵਾਰ ਨਾਲ ਡਟ ਕੇ ਖੜਾ ਹੈ ਅਤੇ ਮਾਮਲੇ ਵਿਚ ਦੋਸ਼ੀਆਂ ਲਈ ਸਜ਼ਾ ਯਕੀਨੀ ਬਣਾਈ ਜਾਵੇਗੀ।



## ਖ਼ਬਰਾਂ ਇਹ ਵੀ ਹਨ...

ਪੰਜਾਬ ਹਰਿਆਣਾ ਹਾਈਕੋਰਟ 'ਚ ਪੰਜਾਬ ਪੁਲਿਸ ਨੇ ਨਸ਼ਿਆਂ ਬਾਰੇ ਇੱਕ ਝੂਠੀ ਰਿਪੋਰਟ ਪੇਸ਼ ਕੀਤੀ ਹੈ ਕਿ ਪੰਜਾਬ 'ਚ ਹਰ ਚਾਰ ਦਿਨ ਬਾਅਦ ਇੱਕ ਨਥੋੜੀ ਮੁੰਡਾ ਨਸ਼ੇ ਦੀ ਓਵਰਡੋਜ ਕਾਰਣ ਮਰ ਰਿਹਾ ਹੈ।ਜਦੋਂ ਕਿ ਵਰਲਡ ਹੈੱਲਥ ਕਾਰਪੋਰੇਸ਼ਨ ਦੇ ਅੰਕੜੇ ਹਨ ਕਿ ਪੰਜਾਬ 'ਚ ਹਰ 8 ਘੰਟੇ ਬਾਅਦ ਇੱਕ ਨਸ਼ੇੜੀ ਨੌਜਵਾਨ ਸਿਵਿਆ ਵੱਲ ਜਾ ਰਿਹਾ ਹੈ।ਜਦੋਂ ਬਾਦਲਾਂ ਦੀ ਹਕੂਮਤ ਸਮੇਂ ਪੰਜਾਬ 'ਚ ਨਸ਼ਿਆਂ ਦੀ ਸੁਨਾਮੀ ਆ ਗਈ, ਥਾਂ-ਥਾਂ ਚਿੱਟਾਂ ਤੇ ਚਿੱਟਾ ਪੀ ਕੇ ਮਾਰਨ ਵਾਲਿਆਂ ਦੀ ਲਾਸ਼ਾਂ ਮਿਲਣ ਲੱਗ ਪਈਆਂ, ਹਰ ਪਿੰਡ ਦੇ ਸਿਵੇ 24 ਘੰਟੇ ਬਲਣ ਲੱਗ ਪਏ ਤਾਂ ਪੰਜਾਬ ਦੇ ਲੋਕ ਬਾਦਲ ਸਰਕਾਰ ਨੂੰ ਚੱਲਦਾ ਕਰਨ ਲਈ ਪੱਬਾਂ ਭਾਰ ਹੋ ਗਏ। ਉਧਰ ਕੈਪਟਨ ਅਮਰਿੰਦਰ ਸਿੰਘ ਨੇ 2 ਹਫ਼ਤੇ 'ਚ ਚਿੱਟੇ ਨੂੰ ਖ਼ਤਮ ਕਰਨ ਦੀ ਗੁਟਕਾ ਸਾਹਿਬ ਹੱਥ 'ਚ ਫੜਕੇ ਸਹੁੰ ਖਾ ਲਈ। ਲੋਕ ਉਸ ਵੱਲ ਝੁੱਕ ਗਏ, ਸਰਕਾਰ ਆ ਗਈ ਪਰ ਚਿੱਟਾ ਨਹੀਂ ਗਿਆ। ਜਿਸ ਕਾਰਣ ਬਾਦਲਾਂ ਤੇ ਕੈਪਟਨ ਭਾਵ ਅਕਾਲੀਆਂ ਤੇ ਕਾਂਗਰਸੀਆਂ ਨੂੰ ਲੋਕਾਂ ਨੇ ਨਿਹੰਗ ਸਿੰਘਾਂ ਦੇ ਡੋਲ ਵਾਗੂੰ ਮਾਂਜ ਦਿੱਤਾ।ਬਦਲਾਅ, ਜਿਸ 'ਚ ਚਿੱਟੇ ਦਾ ਖ਼ਾਤਮਾ, ਹਰ ਤਰ੍ਹਾਂ ਮਾਫ਼ੀਏ ਦਾ ਖ਼ਾਤਮਾ ਸ਼ਾਮਲ ਸੀ, ਉਸਦੇ ਖ਼ਾਤਮੇ ਨੂੰ ਲੈ ਕੇ ਆਮ ਆਦਮੀ ਪਾਰਟੀ ਨੇ ਰੱਜਕੇ ਕੁਫਰ ਤੋਲਿਆ, ਬਾਦਲ, ਕੈਪਟਨ ਦੇ ਖ਼ਾਤਮੇ ਲਈ ਕਾਹਲੇ ਪੰਜਾਬੀਆ ਨੇ 'ਆਪ ਪਾਰਟੀ' ਨੂੰ ਸਿਰ ਅੱਖਾਂ ਤੇ ਬਿਠਾ ਲਿਆ।

ਆਸ ਕੀਤੀ ਕਿ ਪੰਜਾਬ ਨਸ਼ਾ ਮੁਕਤ ਹੋ ਜਾਵੇਗਾ ਪ੍ਰੰਤੂ ਇਹ ਆਸ, ਅੱਜ ਜਦੋਂ ਭਗਵੰਤ ਮਾਨ ਦੀ ਸਰਕਾਰ ਡੇਢ ਸਾਲ ਦੀ ਹੋ ਚੁੱਕੇ ਹੈ, ਪੂਰੀ ਤਰ੍ਹਾਂ ਟੁੱਟ ਚੁੱਕੀ ਹੈ।ਪੰਜਾਬ ਦੇ ਲੋਕਾਂ ਨੂੰ ਲੱਗਣ ਲੱਗ ਪਿਆ ਹੈ ਕਿ ਕੁਝ ਵੀ ਬਦਲਿਆ ਨਹੀਂ ਜਾਣਾ।ਅੱਜ ਇਸ ਖ਼ਬਰ ਨੇ ਰਾਤਾਂ ਦੀ ਨੀਂਦ ਉਡਾ ਦਿੱਤੀ ਹੈ। ਪੰਜਾਬ 'ਚ ਨਸ਼ਾ ਤਾਂ ਹੈ। ਪਰ ਇਸ ਨਸ਼ੇ ਕਾਰਣ ਖ਼ੂਨ ਕਿੰਨਾ ਸਫੇਦ ਹੋ ਗਿਆ ਹੈ, ਇਹ ਸੁਣਕੇ ਤੁਹਾਨੂੰ ਵੀ ਝਟਕਾ ਲੱਗੇਗਾ । ਪਿਛਲੇ 6 ਮਹੀਨਿਆਂ ਭਾਵ ਮਾਰਚ ਤੋਂ ਸਤੰਬਰ ਤੱਕ ਨਸ਼ਿਆਂ ਕਾਰਣ 12 ਕਤਲ ਹੋਏ ਤੇ 15 ਜਾਨ ਲੇਵਾ ਹਮਲੇ, ਸਿਰਫ਼ ਆਪਣਿਆਂ ਨੇ ਆਪਣਿਆਂ ਤੇ ਕੀਤੇ ਹਨ। ਲੁਧਿਆਣਾ ਜ਼ਿਲ੍ਹੇ ਚ 5 ਕਤਲ ਤੇ 8 ਜਾਨਲੇਵਾ ਹਮਲੇ ਆਪਣਿਆਂ ਨੇ ਆਪਣੇ ਤੇ ਕੀਤੇ ਹਨ। ਫ਼ਿਰੋਜਪੁਰ 'ਚ ਪਿਤਾ ਨੇ ਪੁੱਤ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਸੰਗਰੂਰ 'ਚ ਪੁੱਤ ਨੇ ਬਾਪ ਦੀ ਡੰਡੇ ਮਾਰ-ਮਾਰ ਕੇ ਜਾਨ ਲੈ ਲਈ। ਬਠਿੰਡਾ 'ਚ ਛੋਟੇ ਭਰਾ ਨੇ ਵੱਡੇ ਭਰਾ ਦੇ ਕਿਰਚ ਮਾਰੀ। ਇਸੇ ਤਰ੍ਹਾਂ ਲੁਧਿਆਣਾ 'ਚ ਇੱਕ ਪੁੱਤ ਨੇ ਮਾਂ ਦਾ ਸਿਰਹਾਣੇ ਨਾਲ ਸਾਹ ਬੰਦ ਕਰਕੇ ਮਾਰ ਦਿੱਤਾ। ਇਹ ਸਾਰੇ ਕੇਸ ਨਸ਼ਿਆਂ ਕਾਰਣ ਹੋਏ ਹਨ। ਜ਼ਮੀਨੀ ਝਗੜਿਆਂ ਤੇ ਪਰਿਵਾਰਕ ਲੜਾਈ 'ਚ ਜਿਹੜੇ ਆਪਣਿਆਂ ਨੇ ਆਪਣਿਆਂ ਦੇ ਕਤਲ ਕੀਤੇ ਹਨ, ਉਹ ਵੱਖ ਹਨ। ਇੱਕ ਤਾਂ ਇਹ ਸਾਫ਼ ਹੈ ਕਿ ਪੰਜਾਬ 'ਚ ਨਸ਼ਿਆਂ ਦਾ ਦੌਰ ਧੜੱਲੇ ਨਾਲ ਚੱਲ ਰਿਹਾ ਹੈ। ਸਰਕਾਰ ਤੇ ਪੁਲਿਸ ਝੂਠ ਮਾਰ ਰਹੀ ਹੈ । ਦੂਜਾ ਤੇਜ਼ ਰਫ਼ਤਾਰ ਜ਼ਿੰਦਗੀ ਨੇ ਸਾਡੇ ਰਿਸ਼ਤੇ ਤੜਕਾ ਦਿੱਤੇ ਹਨ। ਨੈਤਿਕ ਕਦਰਾਂ ਕੀਮਤਾਂ ਖ਼ਤਮ ਹੋ ਗਈਆਂ ਹਨ। ਅਜਿਹੀ ਸਥਿਤੀ ਨੂੰ ਨੱਥ ਪਾਉਣਾ ਬੇਹੱਦ ਜ਼ਰੂਰੀ ਹੈ।ਪ੍ਰੰਤੂ ਜਦੋਂ ਤੱਕ ਹਾਈਕੋਰਟ 'ਚ ਨਸ਼ਿਆਂ ਭੌਂ ਐਸ.ਟੀ ਐਫ਼ ਵੱਲੋਂ ਦਾਖ਼ਲ ਬੰਦ : ਲਿਫਾਫਿਆਂ ਤੋਂ ਮਿੱਟੀ ਨਹੀਂ ਝੜਦੀ ਉਦੋਂ ਤੱਕ ਇਸ ਗੰਭੀਰ ਤੇ ਮਾਰੂ ਸਮੱਸਿਆ ਦਾ ਹੱਲ ਨਹੀਂ ਹੋਣਾ। ਵੱਡਾ ਸੁਆਲ ਇਹੋ ਹੈ। ਨਹੀਂ ਤਾਂ ਫ਼ਿਰ ਨਸ਼ੇ ਕਾਰਣ ਸਮਾਜਿਕ ਢਾਂਚਾ ਵੀ ਖੇਰੂੰ-ਖੇਰੂੰ ਹੋ ਜਾਵੇਗਾ।ਜਿਸਨੂੰ ਦੁਬਾਰਾ ਜੋੜਨ ਦੀ ਸ਼ਕਤੀ ਕਿਸੇ 'ਚ ਨਹੀਂ ਹੈ।


**Injured in an accident? ICBC claim?**

**We can help.**

We have professional and experienced staff. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ. ਅਤੇ ਪਰਸਨਲ ਇੰਜਰੀ ਕਲੇਮ

ਸਾਡੇ ਕੌਲ ਪ੍ਰੋਫੇਸ਼ਨਲ ਅਤੇ ਤਜ਼ਰਬੇਕਾਰ ਸਟਾਫ ਹੈ।
ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ।
ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿਚ ਗੱਲ ਕਰਦੇ ਹਾਂ

We handle accident issues related to:
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries

For a fair settlement for your claim, call **Mandeep Randhawa** today.

- Member, Law Society of British Columbia
- Member, Canadian Bar Association including sub-section memberships in Civil Litigation and Insurance Law
- Member, Trial Lawyers Association of British Columbia
- Member, Indo-Canadian Business Association
- Speaker for the People's Law School on Personal injury Claims
- BSc (Honours), University of Delhi, 1994
- LLB, University of British Columbia, 1998
- Nominated for the Stanton Award-"Outstanding All Round Graduate over 3 years."
- Admitted to the Bar of British Columbia in 1999



Mandeep Randhawa,
*B.Sc., L.L.B (UBC)*

RM TRIAL LAWYERS

MANDEEP RANDHAWA LAW CORPORATION

**T 604 449 7500**

#205 – 7134 King George Boulevard, Surrey, BC V3W 5A3

• F 604 449 7501 • TF 1 888 449 7573 • www.rmlawyers.ca

# ਜਸਟਿਨ ਟਰੂਡੋ, ਸਿੱਖਾਂ ਦਾ ਨਵਾਬ ਮਲੇਰਕੋਟਲਾ ਜਾਂ ਦੀਵਾਨ ਕੌੜਾ ਮੱਲ

ਅਰਬ ਜਗਤ ਦੀ ਮਸ਼ਹੂਰ ਕਿਤਾਬ 'ਅਰੇਬੀਅਨ ਨਾਈਟਸ' ਚ ਇੱਕ ਕਹਾਣੀ ਹੈ ਜਿਸ ਦਾ ਤੱਥ ਸਾਰ ਕੁੱਝ ਇਸ ਤਰਾਂ ਹੈ।

ਇੱਕ ਯਾਤਰੀ ਜੋ ਆਪਣੀ ਯਾਤਰਾ ਦੌਰਾਨ ਵਿਸ਼ਾਲ ਰੇਗਸਤਾਨ 'ਚ ਦੀ ਲੰਘ ਰਿਹਾ ਸੀ ਤੇ ਜਿਸ ਕੋਲ ਖਾਣ ਲਈ ਕੁਝ ਸੁੱਕੇ ਮੇਵੇ ਤੇ ਕੁੱਝ ਖੰਜੂਰਾਂ ਹੀ ਸਨ। ਰਸਤੇ ਚ ਭੁੱਖ ਲੱਗਣ ਤੇ ਇੱਕ ਖੂੰਹ ਦੀ ਮੌਣ ਤੇ ਬੈਠ ਕੇ ਖੰਜੂਰਾਂ ਖਾਂਦਾ ਖਾਂਦਾ ਉੱਥੇ ਪਏ ਪੱਥਰ ਚੁੱਕ ਕੇ ਪਰੇ ਸੁੱਟੀ ਜਾਂਦਾ ਹੈ ਤਾਂ ਅਚਾਨਕ ਇੱਕ ਭਿਆਨਕ ਤੇ ਵਿਸ਼ਾਲ ਜਿੰਨ ਪ੍ਰਗਟ ਹੁੰਦਾ ਹੈ। ਜਿਹੜਾ ਯਾਤਰੀ ਨੂੰ ਕਹਿੰਦਾ ਹੈ ਕਿ ਤੂੰ ਮੇਰੇ ਪੁੱਤਰ ਦੀ ਅੱਖ ਭੰਨ ਦਿੱਤੀ ਹੈ ਤੇ ਅਪਣਾ ਗਲਾ ਕਟਵਾਉਣ ਲਈ ਤਿਆਰ ਹੋ ਜਾ। ਯਾਤਰੀ ਕਹਿੰਦਾ ਹੈ ਕਿ ਮੈਂ ਜਾਣਬੁੱਝ ਨਹੀ ਕੀਤਾ ਅਚਾਨਕ ਹੋ ਗਿਆ ਹੈ।

ਆਖ਼ਰ ਕਿਵੇਂ ਨਾ ਕਿਵੇਂ ਜਿੰਨ ਯਾਤਰੀ ਨੂੰ ਇੱਕ ਸਾਲ ਜਿਉਣ ਦੀ ਮੋਹਲਤ ਦੇ ਦਿੰਦਾ ਹੈ ਕਿ ਉਹ ਆਪਣੀ ਪਤਨੀ ਤੇ ਬੱਚਿਆਂ ਦਾ ਕੋਈ ਨਾ ਕੋਈ ਪ੍ਰਬੰਧ ਕਰ ਲਵੇ।ਕੀਤੇ ਵਾਅਦੇ ਮੁਤਾਬਕ ਯਾਤਰੀ ਪੂਰੇ ਸਾਲ ਬਾਦ ਉਸ ਨਿਸ਼ਚਤ ਸਥਾਨ ਤੇ ਅਪਣਾ ਗਲਾ ਕਟਵਾਉਣ ਲਈ ਪੁੱਝ ਜਾਂਦਾ ਹੈ ਤਾਂ ਅਚਾਨਕ ਉੱਥੇ ਤਿੰਨ ਰਹੱਸਮਈ ਬਜੁਰਗ ਆ ਜਾਂਦੇ ਹਨ। ਤੇ ਉਹ ਤਿੰਨੇ ਬਜ਼ੁਰਗ ਜਿੰਨ ਨਾਲ ਯਾਤਰੀ ਦੀ ਜ਼ਿੰਦਗੀ ਦਾ ਸੌਦਾ ਕਰਦੇ ਹਨ। ਇਸ ਸ਼ਰਤ ਤੇ ਕਿ ਤਿੰਨੇ ਬਜ਼ੁਰਗ ਜਿੰਨ ਨੂੰ ਇੱਕ ਇੱਕ ਕਹਾਣੀ ਸੁਣਾਉਣਗੇ ਜਿਹੜੀ ਉਸ ਦਵਾਰਾ ਸੁਣੀਆਂ ਪਹਿਲੀਆਂ ਸੱਭ ਕਹਾਣੀਆਂ ਤੋਂ ਦਿਲਚਸਪ ਤੇ ਸ਼ਾਨਦਾਰ ਹੋਵੇਗੀ। ਤਿੰਨੇ ਬਜ਼ੁਰਗ ਜਿੰਨ ਨੂੰ ਕਹਾਣੀਆਂ ਸੁਣਾਉਂਦੇ ਹਨ ਤੇ ਜਿੰਨ ਖੁਸ਼ ਹੋ ਕੇ ਯਾਤਰੀ ਦੀ ਜਾਨ ਬਖਸ਼ ਦਿੰਦਾ ਹੈ। ਇਸਤੋਂ ਬਾਦ ਤਿੰਨੇ ਬਜ਼ੁਰਗ ਰੇਗਸਤਾਨ ਚ ਅਲੋਪ ਹੋ ਜਾਂਦੇ ਹਨ।

ਕਹਾਣੀ ਦਾ ਓਪਰੇ ਤੌਰ ਤੇ ਝਾਤ ਮਾਰੀਏ ਤਾਂ ਕੋਈ ਨੈਤਿਕ ਅਰਥ ਨਹੀਂ ਨਿਕਲਦਾ। ਪਰ ਕਹਾਣੀ ਦੇ ਅਰਥ ਕੁੱਝ ਹੋਰ ਨੇ ਜਦੋ ਬੰਦੇ ਦੇ ਕੁੱਝ ਹੱਥ ਵੱਸ ਨਾ ਹੋਵੇ ਜਾਂ ਹਾਲਾਤ ਵੱਸੋ ਬੇਵਾਹਰੇ ਹੋ ਜਾਣ ਤਾਂ ਕੁਦਰਤ ਦੀਆਂ ਨਿਆਪਸੰਦ ਤੇ ਅਦਿੱਖ ਸ਼ਕਤੀਆਂ ਕਿਵੇਂ ਨਾ ਕਿਵੇ ਬਹੁੜਦੀਆਂ ਹਨ ਤੇ ਕਈ ਨਵੇ ਵਸੀਲੇ ਬਣਦੇ ਹਨ ਤੇ ਨਿਆਸਰਿਆਂ ਲਈ ਕਿਸੇ ਨਾ ਕਿਸੇ ਆਸਰੇ ਦੀ ਢੋਈ ਬਣਦੀ ਹੈ।

ਸਤੰਬਰ ਦੇ ਦੂਜੇ ਹਫ਼ਤੇ ਕਨੇਡਾ ਦਾ ਪ੍ਰਧਾਨ ਮੰਤਰੀ ਜੀ-20 ਸੰਮੇਲਨ ਚ ਭਾਗ ਲੈਣ ਲਈ ਭਾਰਤ ਜਾਂਦਾ ਹੈ। ਉੱਥੇ ਉਸ ਨਾਲ ਉਹ ਸੱਭ ਕੁਝ ਵਾਪਰਦਾ ਹੈ ਜਿਹੜਾ ਕਿ ਕੂਟਨੀਤਕ ਸਫਾਂ ਚ ਘੱਟ ਹੀ ਦੇਖਣ ਨੂੰ ਮਿਲਦਾ ਹੈ। ਵਾਪਿਸ ਆਉਣ ਸਮੇਂ ਜਹਾਜ ਚ ਕੋਈ ਤਕਨੀਕੀ ਗੜਬੜ ਹੋ ਜਾਂਦੀ ਹੈ ਤਾਂ ਪ੍ਰਧਾਨ ਮੰਤਰੀ ਸਮੇਤ ਸਾਰਾ ਅਮਲਾ ਦੋ ਦਿਨ ਹੋਟਲ ਚ ਗੁਜ਼ਾਰਦਾ ਹੈ। ਆਖ਼ਰ ਕਨੇਡਾ ਤੋਂ ਹੋਰ ਜਹਾਜ ਇੰਡੀਆ ਜਾਂਦਾ ਹੈ ਤੇ ਪ੍ਰਧਾਨ ਮੰਤਰੀ ਆਪਣੇ ਅਮਲੇ ਸਮੇਤ ਵਾਪਿਸ ਕਨੇਡਾ ਪਹੁੰਚਦੇ ਹਨ। 18 ਸਤੰਬਰ ਨੂੰ ਕਨੇਡਾ ਪਾਰਲੀਮੈਂਟ ਵਿੱਚ ਇਸ ਸਾਲ ਜੂਨ ਮਹੀਨੇ ਸਰੀ ਦੇ ਗੁਰਦਵਾਰਾ ਸਾਹਿਬ ਵਿਖੇ ਹਰਦੀਪ ਸਿੰਘ ਨਿੱਝਰ ਦੇ ਕਤਲ ਚ ਭਾਰਤ ਦੀਆਂ ਖੁਫੀਆਂ ਏਜੰਸੀਆਂ ਦੀ ਸ਼ਮੂਲੀਅਤ ਦੀ "ਸਿੱਕੇਬੰਦ ਜਾਣਕਾਰੀ" ਹੋਣ ਦਾ ਦਾਅਵਾ ਪੇਸ਼ ਕਰ ਦਿੰਦੇ ਹਨ। ਕਨੇਡਾ ਦੀਆਂ ਸਾਰੀਆਂ ਰਾਜਨੀਤਕ ਪਾਰਟੀਆਂ ਇਸ ਨੂੰ ਕਨੇਡੀਅਨ ਨਾਗਰਿਕ ਉੱਪਰ ਤੇ ਕਨੇਡੀਅਨ ਪ੍ਰਭੂਸੱਤਾ ਉੱਪਰ ਹਮਲੇ ਦੇ ਤੌਰ ਤੇ ਲੈਂਦੀਆ ਹਨ ਤੇ ਇਕਮੁੱਠਤਾ ਨਾਲ ਆਪਣਾ ਰੋਸ ਪ੍ਰਗਟਾਉਂਦੀਆਂ ਹਨ।

ਜਿਵੇਂ ਸਿੱਖ ਕੌਮ ਆਪਣੀ ਹੋਂਦ ਦੀ ਲੜਾਈ ਚ ਮਰਨ ਕਿਨਾਰੇ ਪਈ ਦੁਸ਼ਮਣਾਂ ਨਾਲ ਘਿਰੀ ਹੋਈ ਹੈ ਬਿਲਕੁਲ ਉਸ ਯਾਤਰੀ ਵਾਂਗ ਲੜ ਰਹੀ ਹੈ। ਇਸ ਸਮੇਂ ਸਿੱਖ ਕੌਮ ਲਈ ਟਰੂਡੋ ਦੀ ਕਾਰਵਾਈ ਬਿਲਕੁੱਲ ਉੱਨਾਂ ਰਹੱਸਮਈ ਬਜ਼ੁਰਗਾਂ ਨਾਲ ਮੇਲ ਖਾਂਦੀ ਹੈ ਜਿਹੜੇ ਉਸ ਯਾਤਰੀ ਦੀ ਜਾਨ ਲਈ ਬਹੁੜੇ ਸਨ। ਜਿਵੇ ਕਿ ਟਰੂਡੋ ਨੇ ਜੋ ਹਾਲਾਤ ਪੈਦਾ ਕਰ ਦਿੱਤੇ ਹਨ ਜਿਸ ਨਾਲ ਸਿੱਖਾਂ ਨਾਲ ਹੋ ਰਹੀ ਬੇਇਨਸਾਫ਼ੀ ਦੁਨੀਆ ਦੇ ਮੰਜਰ ਤੇ ਪੇਸ਼ ਹੋਈ ਹੈ,(ਵੀਅਤਨਾਮ ਚ ਅਮਰੀਕੀ ਰਾਸ਼ਟਰਪਤੀ ਦਾ ਇੰਡੀਆ ਵਾਰੇ ਘੱਟ ਗਿਣਤੀਆਂ ਦੇ ਉਤਪੀੜਨ ਵਾਰੇ ਦਿੱਤਾ ਬਿਆਨ ਭਾਂਵੇ ਮੁਸਲਮਾਨਾਂ ਤੇ ਇਸਾਈਆਂ ਤੇ ਹੋ ਰਹੇ ਅਣਮਨੁੱਖੀ ਤਸ਼ੱਦਦ ਵਾਰੇ ਹੀ ਸੀ ਪਰ ਟਰੂਡੋ ਦੀ ਕਾਰਵਾਈ ਨੇ ਭਾਰਤੀ ਸਰਕਾਰ ਦੁਵਾਰਾ ਸਿੱਖਾਂ ਨਾਲ ਹੋ ਰਹੀਆਂ ਵਧੀਕੀਆਂ ਨੂੰ ਵੀ ਅੰਤਰ ਰਾਸ਼ਟਰੀ ਪੱਧਰ ਤੇ ਨੰਗਾ ਕਰ ਦਿੱਤਾ)ਹੋ ਸੱਕਦਾ ਹੈ ਉਸ ਚ ਕੁੱਝ ਸੁਧਰ ਜਾਣ ਚ ਕੁਝ ਕਾਰਆਮਦ ਸਾਬਿਤ ਹੋਵੇ। ਅਸੀ ਇਸ ਤਰਾਂ ਦੇ ਵਰਤਾਰਿਆਂ ਨੂੰ ਆਪਣੇ ਸਿੱਖ ਮੁਹਾਵਰੇ ਚ "ਕਲਾ ਵਰਤਣੀ" ਵੀ ਕਹਿੰਦੇ ਹਾਂ। ਇਸੇ ਤਰਾਂ ਹੀ ਹੋਰ ਵੀ ਕੁੱਝ ਸ਼ਕਤੀਆਂ ਹਨ ਜਿੰਨਾਂ ਕਰਕੇ ਸਿੱਖਾਂ ਦਾ ਕੁੱਝ ਭਲਾ ਹੋਣ ਦੀ ਉਮੀਦ ਹੈ। ਜਿਵੇ ਖਾਲਸਾ ਏਡ ਦਾ ਅੰਤਰ ਰਾਸ਼ਟਰੀ ਪੱਧਰ ਤੇ ਪੈਦਾ ਹੋਏ ਭਿਆਨਕ ਹਾਦਸਿਆਂ ਮੌਕੇ ਨਿਭਾਇਆ ਰੋਲ, ਜੋ ਹਿਦੋਸਤਾਨ ਦੀ ਹਕੂਮਤ ਸਿੱਖਾਂ ਨੂੰ ਜਿਸ ਅੱਤਵਾਦੀ ਅਰਾਜਕਤਾਵਾਦੀ ਦੇ ਰੂਪ ਚ ਪੇਸ਼ ਕਰ ਰਹੀ ਹੈ ਉਸਤੋਂ ਬਿਲਕੁੱਲ ਵੀ ਉਲਟੇ ਤੌਰ ਤੇ ਪੇਸ਼ ਕਰ ਰਿਹਾ ਹੈ। ਕਰੋਨੇ ਮੌਕੇ ਬਣੇ ਹਾਲਾਤ ਜਾਂ ਕਿਸੇ ਵੀ ਕੁਦਰਤੀ ਕਰੋਪੀ ਜਾਂ ਮਨੁੱਖੀ ਅਣਗਹਿਲੀ ਨਾਲ ਵਾਪਰੇ ਹਾਦਸੇ ਮੌਕੇ ਸਿੱਖਾਂ ਦੀਆਂ ਸੰਸਥਾਵਾਂ ਤੇ ਗੁਰਦਵਾਰਾਂ ਸਹਿਬਾਨ ਦੁਆਰਾ ਨਿਭਾਇਆਂ ਰੋਲ ਸਿੱਖਾਂ ਦੀ ਛਵੀ ਦਾ ਜੋ ਮਨੁੱਖਤਾਵਾਦੀ ਤੇ ਪਰਉਪਕਾਰੀ ਅਕਸ ਪੇਸ਼ ਕਰਦਾ ਹੈ ਉਹ ਹਿਦੋਸਤਾਨੀ ਹਕੂਮਤ ਦਵਾਰਾ ਕੀਤੇ ਜਾ ਰਹੇ ਭੰਡੀ ਪ੍ਰਚਾਰ ਦੀ ਬਿਲਕੁੱਲ ਹੀ



ਫੱਟੀ ਪੋਚਦਾ ਹੈ। ਕਨੇਡਾ ਚ ਹੀ ਨਹੀ ਅੰਤਰਰਾਸ਼ਟਰੀ ਪੱਧਰ ਤੇ ਖ਼ਾਲਸਾ ਏਡ ਵਰਗੀਆਂ ਸੰਸਥਾਵਾਂ ਸਰਕਾਰੀ ਅਦਾਰਿਆਂ ਨਾਲੋ ਪਹਿਲਾਂ ਪੀੜਤਾਂ ਦੀ ਸਹਾਇਤਾ ਲਈ ਹਾਜਰ ਹੋ ਜਾਂਦੀਆਂ ਹਨ। ਭਾਂਵੇ ਇਹ ਸੰਸਥਾਵਾਂ ਕਿਸੇ ਰਾਜਨੀਤਕ ਮਨੋਰਥ ਲਈ ਹੋਂਦ ਚ ਨਹੀਂ ਆਈਆਂ ਪਰ ਫੇਰ ਵੀ ਸਿੱਖਾਂ ਦੇ ਰਾਜਨੀਤਕ ਮਸਲਿਆਂ ਦੇ ਹੱਲ ਚ ਜ਼ਰੂਰ ਕੋਈ ਨਾ ਕੋਈ ਯੋਗਦਾਨ ਪਾਉਣਗੀਆਂ ਵੀ ਤੇ ਪਾ ਵੀ ਰਹੀਆਂ ਹਨ।

ਇਹ ਅਜਿਹੇ ਵਰਤਾਰੇ ਬੁਲਕੁੱਲ ਉਨਾ ਰਹੱਸਮਈ ਬਜ਼ੁਰਗਾਂ ਵਰਗੇ ਨੇ ਜਿੰਨਾਂ ਨੇ ਯਾਤਰੀ ਦੀ ਜਾਨ ਬਚਾਈ ਸੀ।ਗੱਲ ਕਰਦੇ ਹਾਂ ਟਰੂਡੋ ਦਵਾਰਾ ਗੁਰਦਵਾਰਾ ਸਾਹਿਬ ਵਿਖੇ ਹੋਏ ਕਤਲ ਦੇ ਮਾਮਲੇ ਨੂੰ ਉਠਾਉਣ ਦੀ। ਹਿੰਦੋਸਤਾਨ ਇਸ ਨੂੰ ਸਿੱਖਾਂ ਨਾਲ ਜਾਂ ਖਾਲਿਸਤਾਨ ਨਾਲ ਜੋੜ ਕੇ ਆਪਣੀ ਸ਼ਵੀ ਤੇ ਪੈਣ ਵਾਲੇ ਮਾੜੇ ਪ੍ਰਭਾਵ ਦੀ ਸ਼ਿੱਧਤ ਨੂੰ ਸਿੱਥਲ ਕਰਨ ਚ ਲੱਗਿਆ ਹੋਇਆ ਹੈ।ਪਰ ਉਹ ਬਿਲਕੁਲ ਹੀ ਨਹੀਂ ਹੈ। ਕਨੇਡਾ ਇਸ ਨੂੰ ਇੱਕ ਕਨੇਡੀਅਨ ਨਾਗਰਿਕ ਤੇ ਹੋਏ ਹਮਲੇ ਦੇ ਰੂਪ ਚ ਤੇ ਕਨੇਡਾ ਦੀ ਪ੍ਰਭੂਸਤਾ ਤੇ ਹੋਏ ਹਮਲੇ ਦੇ ਰੂਪ ਚ ਪੇਸ਼ ਕਰ ਰਿਹਾ ਹੈ। ਬਾਕੀ ਦੁਨੀਆ ਦੇ ਪੰਜ ਪ੍ਰਮੁੱਖ ਮੁਲਕਾਂ,ਜਿੰਨਾਂ ਨੂੰ "ਫਾਈਵ ਆਈ" ਕਿਹਾ ਜਾਂਦਾ ਹੈ, ਹੋਏ ਸਮਝੌਤੇ ਕਰਕੇ ਇਹ ਮਸਲਾ ਉੱਨਾਂ ਪੰਜ ਮੁਲਕਾਂ ਦਾ ਵੀ ਬਣ ਜਾਂਦਾ ਹੈ। ਇਸ ਦੇ ਹਿੰਦੁਸਤਾਨ ਦੇ ਵਕਾਰ ਤੇ ਸ਼ਵੀ ਤੇ ਮਾੜਾ ਅਸਰ ਤਾਂ ਪਾਉਣਾ ਹੀ ਹੈ ਤੇ ਇੱਕ ਅੱਤਵਾਦੀ ਸਟੇਟ ਵਾਲੇ ਕਟਹਿਰੇ ਚ ਵੀ ਖੜਾ ਦੇਣਾ ਹੈ।ਜੀ ਸੇਵਨ ਤੇ ਯੂ ਐਨ ਓ ਦੇ ਮੰਚ ਤੇ ਵੀ ਇਸ ਮਸਲੇ ਨੂੰ ਕਨੇਡਾ ਉਠਾ ਰਿਹਾ ਹੈ।

ਇਹ ਮਸਲਾ ਕਿਉਂਕਿ ਇੱਕ ਸਿੱਖ ਦੀ ਹੱਤਿਆ ਨਾਲ ਜੁੜਿਆ ਹੋਇਆ ਹੈ ਤੇ ਉਸ ਮਸਲੇ ਦਾ ਅੰਤਰਰਾਸ਼ਟਰੀ ਪੱਧਰ ਤੇ ਆ ਜਾਣਾ ਕੁਦਰਤੀ ਹੀ ਹੈ। ਇਸ ਵਰਤਾਰੇ ਦਾ ਜੋ ਸੱਭ ਤੋ ਮਹੱਤਵਪੂਰਨ ਤੇ ਜਿਕਰਯੋਗ ਅਸਰ (Impact) ਹੈ ਉਹ ਹਿੰਦੋਸਤਾਨ ਦੀ


**Sidhu Homeopathic Clinic**

Homeopathic Treatment for Anxiety, Depression, Insomnia, Asthma, Allergies, Skin Diseases Dandruf, Arthritis, Uric Acid, Gastric Problems like Acidity, Kidney Stones, Male and Female Diseases



Dr. Malkit Singh Sidhu
D.H.M.S. (Hons.)
drmsidhu2@gmail.com

ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।



Dr. Kirandeep Kaur Sidhu
D.H.M.S. (Pb.)
drksidhu70@gmail.com

Ph: 604-446-3154 NO SIDE EFFECTS

#109-12830-80Ave, Surrey, BC V3W 3A8 (York Centre)



Expert Advice, Consultation & Representation in all your legal matters



**FAMILY LAW**
- Separation, marriage, prenuptial and co-habitation agreements
- Divorce and separation proceedings
- Child and Spousal support
- Division of Property
- Adoption Applications
- Right to move with child applications

**IMMIGRATION LAW**
- Students, Workers and Visitors cases
- All Immigration matters
- Sponsorship cases

**REAL ESTATE IN BC AND ALBERTA**
- Sale and purchase of Residential and Commercial Properties in BC and Alberta
- Sale & Purchase of Business
- Land Use, Real Estate, Property Tax Assessment
- Lien Claims
- Contractual Claims
- Real Estate Litigation

**EMPLOYMENT LAW**
- Review of employment contracts
- Drafting employment contracts
- Wrongful dismissal
- Breach of employment contract
- Workplace injury
- Exploitation & workplace harassment
- Workplace events claims

**CORPORATE & BUSINESS LAW**
- Share holder agreements
- Lease agreement
- Tenancy agreement
- Formation & dissolving of companies
- Partnerships and joint ventures
- Business / Shareholder disputes

**NOTARY SERVICES**
- Notarizations
- Wills, Estates and Trusts
- Affidavits and Declarations
- Visitor Visa, Super Visa Declarations
- Sponsorship Declarations
- Power of attorney

**BENEFITS OF CHOOSING US**
- Low Cost & High Quality Legal Service
- Honest Advice & Customized Solutions
- Client's Satisfaction & Peace of Mind
- Best Results

**CHARANJEET KAUR RAINA**
LAWYER AND NOTARY PUBLIC

778 835 8455

#201-13049 76th Avenue, Surrey BC V3W2V7
www.rainalaw.com Email : craina@rainalaw.com

# ‘ਬਾਤ ਨਿਕਲੇਗੀ ਤੋ ਫਿਰ ਦੂਰ ਤਲਕ ਜਾਏਗੀ’

**ਨਰਿੰਦਰ ਪਾਲ ਸਿੰਘ**

ਤਖਤਾਂ ਤੇ ਕਾਬਜ ਹਕੂਮਤਾਂ ਇਸ ਤਲਖ ਹਕੀਕਤ ਨੂੰ ਸਮਝਣ ਚ ਨਾਕਾਮ ਰਹਿੰਦੀਆਂ ਹਨ ਜਾਂ ਇਹ ਸੱਚ ਉਨ੍ਹਾਂ ਤੀਕ ਪੁਜਦਾ ਹੀ ਨਹੀ ?ਇਹ ਸਵਾਲ ਉਸ ਵੇਲੇ ਅਹਿਮੀਅਤ ਰਖਦਾ ਹੈ ਜਦੋਂ ਕਨੇਡਾ ਵਿੱਚ ਹਰਦੀਪ ਸਿੰਘ ਨਾਮੀ ਸ਼ਖਸ਼ ਦੇ ਦਿਨ ਦੀਵੀ ਕਤਲ ਦੇ ਦੋਸ਼ ਭਾਰਤੀ ਨਿਜ਼ਾਮ ਤੇ ਲਗਦੇ ਹਨ ਲੇਕਿਨ ਲੋਕਤੰਤਰ ਦੇ ਸਿਖਰਲੇ ਅਹੁੱਦਿਆਂ ਤੇ ਬੈਠੇ ਲੋਕ ਨੁਮਾਇੰਦਿਆਂ ਪਾਸ ਇਸ ਕਤਲ ਦੇ ਅਰਥ ਕੁਝ ਹੋਰ ਹਨ ।ਬਿਨ੍ਹਾਂ ਕਿਸੇ ਅਦਾਲਤੀ/ਕਾਨੂੰਨੀ ਪਰਕ੍ਰਿਆ ਦੇ ਵਿਰੋਧੀ ਨੂੰ ਮੌਤ ਦੇ ਘਾਟ ਉਤਾਰ ਦੇਣਾ ਉਨ੍ਹਾਂ ਦਾ ਅਜੇਹਾ ਗੁਪਤ ਏਜੰਡਾ ਹੈ ਜੋ ਕਿਸੇ ਵੀ ਰਾਸ਼ਟਰੀ ਜਾਂ ਅੰਤਰ ਰਾਸ਼ਟਰੀ ਕਾਨੂੰਨ ਦੇ ਘੇਰੇ ਵਿੱਚ ਨਹੀ ਆਉਂਦਾ। ਹਾਂ ਇਹ ਜਰੂਰ ਹੈ ਕਿ ਘਰ ਆਏ ਮਹਿਮਾਨ ਨੂੰ ਗੱਲੀਂ ਬਾਤੀ ਜਲੀਲ ਕਰਨ ਲਈ ਲੋਕਤੰਤਰ ਦੇ ਇਕ ਹੋਰ ਥੰਮ(ਮੀਡੀਆ) ਦਾ ਸਹਾਰਾ ਲਿਆ ਜਾਂਦਾ ਹੈ। ਜਿਸਦੀ ਸੰਘੀ ਵੀ ਇਨ੍ਹਾਂ ਲੋਕ ਨੁਮਾਇੰਦਿਆਂ ਦੇ ਰਹਿਮੋ ਕਰਮ ਤੇ ਹੀ ਰਹਿੰਦੀ ਹੈ ।ਮੁੜ ਘਿੜ ਕੇ ਲੋਕਤੰਤਰ ਦੇ ਹਰ ਥੰਮ ਨੂੰ ਲੋਕ ਕਟਿਹਰੇ ਵਿੱਚ ਖੜਾ ਕਰਨ ਤੋਂ ਵੀ ਗੁਰੇਜ ਨਾ ਕਰਨ ਵਾਲੇ ਇਹ ਲੋਕ ਸੇਵਕ ਦੂਸਰਿਆਂ ਨੂੰ ਲਬੇੜਨ ਚ ਖੁਸ਼ੀ ਮਹਿਸੂਸ ਕਰਦੇ ਹਨ।

ਜੇ ਯਕੀਨ ਨਹੀਂ ਤਾਂ ਕੇਂਦਰ ਚ ਨਵੀਂ ਉਭਰੀ ਸਿਆਸੀ ਗਠਜੋੜ ਧਿਰ ਨੇ ਸੱਤਾ ਧਾਰੀਆਂ ਦੇ ਇਸ਼ਾਰਿਆਂ ਤੇ ਨੱਚਣ ਵਾਲੇ ਕੁਝ ਮੀਡੀਆ ਹਾਊਸ ਦਾ ਹੀ ਬਾਈਕਾਟ ਐਲਾਨ ਦਿੱਤਾ ।ਇਹ ਇੱਕ ਕਵਾਇਦ ਬਣ ਚੁੱਕੀ ਹੈ ਭਾਰਤੀ ਲੋਕਤੰਤਰ ਦੀ ਕਿ ਜੇ ਕੋਈ ਅਕਲ ਦੀ ਗਲ ਕਰੇ ਤਾਂ ਉਸਦੇ ਖਿਲਾਫ ਐਨੀ ਕੁ ਹਾਲ ਪਾਹਰਿਆ ਮਚਾ ਦਿਤੀ ਜਾਏ ਕਿ ਉਸ ਦੀ ਹੱਕੀ ਤੇ ਸੁਲਝੀ ਅਵਾਜ ਵੀ ਆਮ ਲੋਕਾਂ ਤੀਕ ਨਾ ਪਹੁੰਚ ਸਕੇ । ਨਤੀਜਾ ਸਭਦੇ ਸਾਹਮਣੇ ਹੈ ਕਿ ਕਨੇਡਾ ਵਿੱਚ ਰਹਿ ਰਹੇ ਭਾਰਤੀ ਮੂਲ ਦੇ ਸਿੱਖ ਹਰਦੀਪ ਸਿੰਘ ਨਿੱਜਰ ਦੇ ਦਿਨ ਦੀਵੀ ਕਤਲ ਦਾ ਕੋਈ ਅਹਿਮ ਪਹਿਲੂ ਸੱਤਾ ਤੇ ਕਾਬਜ ਲੋਕਾਂ ਨੇ ਸੁਨਣ ਤੋਂ ਇਨਕਾਰ ਕਰ ਦਿੱਤਾ ਤਾਂ ਉਹ ਅਵਾਜ ਅੰਤਰ ਰਾਸ਼ਟਰੀ ਪੱਧਰ ਤੇ ਗੂੰਜਣ ਲਗ ਪਈ ਹੈ। ਕੁਝ ਸਮਾਂ ਪਹਿਲਾਂ ਹੀ ਅਖਬਾਰੀ ਖਬਰਾਂ ਸੁਨਣ ਵਿੱਚ ਮਿਲੀਆਂ ਸਨ ਕਿ ਅਸਟਰੇਲੀਆਂ ਦੇ ਸ਼ਹਿਰ ਬ੍ਰਿਸਬੇਨ ਵਿੱਚ ਇਕ ਮੰਦਰ ਦੇ ਬਾਹਰ ਕਿਸੇ ਕੱਟੜਵਾਦੀ ਸਿੱਖ ਸੰਸਥਾ ਨੇ ਖਾਲਿਸਤਾਨ ਦੇ ਨਾਅਰੇ ਲਿਖ ਦਿੱਤੇ ਹਨ ।ਚਾਰੇ ਪਾਸੇ ਐਸੀ ਘਟਨਾ ਦੀ ਚਰਚਾ ਸੀ ਲੇਕਿਨ ਕੁਝ ਦਿਨ ਪਹਿਲਾਂ ਹੀ ਅਸਟਰੇਲੀਅਨ ਪੁਲਿਸ ਨੇ ਸਪਸ਼ਟ ਕਰ ਦਿੱਤਾ ਕਿ ਇਹ ਕਾਰਾ ਤਾਂ ਖੁਦ ਮੰਦਰ ਦੇ ਪ੍ਰਬੰਧਕਾਂ ਨੇ ਕੀਤਾ ਸੀ, ਤੇ ਮਨਸ਼ਾ ਸੀ ਅਸਟਰੇਲੀਆ ਵਿੱਚ ਵਸਦੇ ਸਿੱਖ ਭਾਈਚਾਰੇ ਨੂੰ ਬਦਨਾਮ ਕਰਨਾ।ਇਧਰ ਭਾਰਤ ਵਿੱਚ ਕਿਸੇ ਵੀ ਏਜੰਸੀ ਨੇ ਐਸੀ ਕੱਟੜਵਾਦੀ ਸੰਸਥਾ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ।ਨਤੀਜਾ ਇਹ ਕਿ ਅਸਟਰੇਲੀਆ ਵਿੱਚ ਸਮਾਜਿਕ ਭਾਈਚਾਰੇ ਨੂੰ ਹਰ ਪਹਿਲੂ ਤੋਂ ਸੁਚੇਤ ਕਰਨ ਲਈ ਜਾਣੀ ਜਾਂਦੀ ਸੰਸਥਾ ‘ਸੁਪਰੀਮ ਸਿੱਖ ਕੌਂਸਲ ਆਫ ਅਸਟਰੇਲੀਆ’ ਨੇ ਸਮਾਜ ਦੇ ਹਰ ਵਰਗ ਨੂੰ ਸੁਚੇਤ ਕਰਦਿਆ ਇਕ ਅਪੀਲ ਜਾਰੀ ਕੀਤੀ ਹੈ ਕਿ ਉਹ ਕਿਸੇ ਵੀ ਦੋਸ਼ੀ ਜਾਂ ਵਿਦੇਸ਼ੀ ਤਾਕਤ ਵਲੋਂ ਸਮਾਜ ਚ ਪਾੜ ਪਾਣ ਵਾਲੀ ਜਾਂ ਗੁਮਰਾਹ ਕਰਨ ਜਾਂ ਧਮਕੀ ਦੇਕੇ ਆਪਣੇ ਹੱਕ ਚ ਭੁਗਤਾਨ ਵਾਲੀ ਕੋਸ਼ਿਸ਼ ਦੀ ਜਾਣਕਾਰੀ ਅਸਟਰੇਲੀਅਨ ਫੈਡਰਲ ਪੁਲਿਸ ਨੂੰ ਪੁਜਦਾ ਕਰਨ। ਕੌਂਸਲ ਦਾ ਇਹ ਸੁਨੇਹਾ ਸ਼ੋਸ਼ਲ ਮੀਡੀਆ ਫੇਸਬੁੱਕ ਤੇ ਪੂਰੀ ਤਰਾਂ ਛਾਇਆ ਹੋਇਆ ਹੈ। ਅਸਟਰੇਲੀਆ ਦੇ ਜਾਗਰੂਕ ਲੋਕਾਂ ਨੇ ਇਹ ਮਹਿਸੂਸ ਕੀਤਾ ਹੈ ਕਿ ਜਦੋਂ ਅਸਟਰੇਲੀਆ ਦਾ ਕਾਨੂੰਨ ਸਮਾਜ ਦੇ ਹਰ ਵਰਗ ਦੇ ਭਲੇ ਹਿੱਤ ਕੰਮ ਕਰ ਰਿਹਾ ਹੈ ਤਾਂ ਉਹ ਐਸੀਆਂ ਵਿਦੇਸ਼ੀ ਤਾਕਤਾਂ ਪ੍ਰਤੀ ਸੁਚੇਤ ਕਿਉਂ ਨਾ ਰਹਿਣ ਜੋ ਆਪਣੇ ਹਿੱਤਾਂ ਖਾਤਿਰ ਦੂਸਰੇ ਮੁਲਕਾਂ ਅੰਦਰ ਅਸ਼ਾਂਤੀ ਤੇ ਸਮਾਜਿਕ ਭਾਈਚਾਰੇ ਚ ਫੁਟ ਪਾਣ ਲਈ ਯਤਨਸ਼ੀਲ ਹਨ।ਨਵੀਂ ਦਿੱਲੀ ਵਿੱਚ ਜੀ-20 ਸਮਾਗਮਾਂ ਮੌਕੇ ਕਨੇਡੀਅਨ ਪ੍ਰਧਾਨ ਮੰਤਰੀ ਦੀ ਹਰਦੀਪ ਸਿੰਘ ਨਿੱਜਰ ਕਤਲ ਮਾਮਲੇ ਚ ਸੁਹਿਰਦਤਾ ਸਹਿਤ ਸੁਣਵਾਈ ਨਾ ਹੋਣ ਕਾਰਣ ਅਮਰੀਕਾ ਵਰਗੇ ਮੁਲਕ ਵੀ ਕਨੇਡਾ ਦੀ ਸਪੋਰਟ ਤੇ ਆ ਗਏ ਹਨ।ਉਧਰ ਇੰਗਲੈਂਡ ਦੇ ਨਾਗਰਿਕ ਜੱਗੀ ਜੋਹਲ ਦੀ ਭਾਰਤੀ ਏਜੰਸੀਆਂ ਵਲੋਂ ਸਾਲ 2017 ਵਿੱਚ ਕੀਤੀ ਗ੍ਰਿਫਤਾਰੀ ਤੇ ਅਣਮਨੁੱਖੀ ਤਸ਼ੱਦਦ ਇੰਗਲੈਂਡ ਵਿੱਚ ਚਰਚਾ ਦਾ ਵਿਸ਼ਾ ਬਣ ਚੁਕੀ ਹੈ। ਜਿਕਰਯੋਗ ਹੈ ਕਿ ਇਹ ਚਰਚਾ ਛਿੜੀ ਸੀ ਕਿ ਜੱਗੀ ਜੋਹਲ ਦੀ ਗ੍ਰਿਫਤਾਰੀ ਨੂੰ ਲੈਕੇ ਉਥੋਂ ਦੇ ਪਰਧਾਨ ਮੰਤਰੀ ਰਿਸੀ ਸੂਨਕ ਨੂੰ 70 ਪਾਰਲੀਮੈਂਟ ਮੈਂਬਰਾਨ ਨੇ ਇੱਕ ਮੰਗ ਪੱਤਰ ਸੌਂਪਿਆ ਸੀ ਜੋ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਪਾਸ ਵਿਚਾਰ ਲਈ ਦਿੱਤਾ ਜਾਣਾ ਸੀ ਹੁਣ ਜਦੋਂ ਜੱਗੀ ਜੌਹਲ ਦੇ ਮਾਮਲੇ ਚ ਵੀ ਕੋਈ ਹਾਂ ਪੱਖੀ ਸਰਕਾਰੀ ਪ੍ਰਤੀਕਰਮ ਸਾਹਮਣੇ ਨਾ ਆਇਆ ਤਾਂ ਇੰਗਲੈਂਡ ਵੀ ਕਨੇਡਾ ਦੀ ਪਿੱਠ ਪਿੱਛੇ ਜਾ ਖਲੋਤਾ।ਅਮਰੀਕਾ ਦੇ ਵੱਖ ਵੱਖ ਗੁਰਦੁਆਰਾ ਸਾਹਿਬ ਵਿਖੇ ਹਰਦੀਪ ਸਿੰਘ ਨਿੱਜਰ ਨੂੰ ਸ਼ਰਧਾਂਜਲੀ ਤੇ ਕਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦਾ ਧੰਨਵਾਦ ਜਿਤਾਉਣ ਲਈ ਵਿਸ਼ੇਸ਼ ਅਰਦਾਸ ਸਮਾਗਮ ਕੀਤੇ ਗਏ ।ਇਸਦੇ ਨਾਲ ਹੀ ਇਹ ਵੀ ਖਬਰਾਂ ਸਾਹਮਣੇ ਆਈਆਂ ਕਿ ਵਿਦੇਸ਼ ਮੰਤਰੀ ਜੈ ਸ਼ੰਕਰ ਦੇ ਅਮਰੀਕਾ ਦੌਰੇ ਤੇ ਪੁੱਜਣ ਮੌਕੇ ਸਿੱਖ ਜਥੇਬੰਦੀਆਂ ਵਲੋਂ ਸੰਯੁਕਤ ਰਾਸ਼ਟਰ ਸੰਘ ਦੇ ਦਫਤਰ ਮੂਹਰੇ ਰੋਸ ਮੁਜਾਹਰਾ ਕੀਤਾ ਜਾਵੇਗਾ ।ਇਧਰ ਭਾਰਤ ਦੀ ਸਪੈਸ਼ਲ ਜਾਂਚ ਏਜੰਸੀ ਐਨ. ਆਈ.ਏ. ਵਲੋਂ ਵਿਦੇਸ਼ਾਂ ਪਨਾਹ ਲਈ ਬੈਠੇ 19 ਗਰਮ ਖਿਆਲੀ ਸਿੱਖਾਂ ਦੇ ਨਾਮ ਦੀ ਇਕ ਹੋਰ ਲਿਸਟ ਨਸ਼ਰ ਕਰਦਿਆਂ ਉਨ੍ਹਾਂ ਦੀ ਸੰਭਾਵੀ ਗ੍ਰਿਫਤਾਰੀ (ਧੜ- ਪਕੜ) ਦਾ ਸੁਨੇਹਾ ਦੇ ਦਿੱਤਾ ਹੈ ਲੇਕਿਨ ਦੇਸ਼ ਅੰਦਰ ਹੀ ਘੱਟ ਗਿਣਤੀਆਂ ਦੀ ਨਸਲਕੁਸ਼ੀ ਲਈ ਜਿੰਮੇਵਾਰ ਦੱਸੇ ਜਾਂਦੇ ਲੋਕਾਂ ਦੀ ਗ੍ਰਿਫਤਾਰੀ ਤਾਂ ਇਕ ਪਾਸੇ ਉਨ੍ਹਾਂ ਨੂੰ ਉਚੇ ਅਹੁਦੇ ਦੇਣ ਬਾਰੇ ਦੁਨੀਆਂ ਦਾ ਇਹ ਸਭ ਤੋਂ ਵੱਡਾ ਲੋਕਤੰਤਰ ਤੇ ਇਸਦੀਆਂ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਪੂਰੀ ਤਰ੍ਹਾਂ ਨਾਕਾਮ ਹਨ।ਇਹ ਹਾਲਾਤ ਕਿਉਂ ਬਣੇ, ਕਿਸਨੇ ਪੈਦਾ ਕੀਤੇ ਕਦੇ ਕਨਿਸ਼ਕ ਬੰਬ ਧਮਾਕੇ ਲਈ ਬਾਕੀ ਕਥਿਤ ਦੋਸ਼ੀਆਂ ਦੇ ਨਾਲ ਨਾਲ ਰਿਪੂਦਮਨ ਸਿੰਘ ਮਲਿਕ ਵੀ ਭਾਰਤ ਲਈ ਅੱਤਵਾਦੀ ਸੀ ਜਦੋਂ ਕਨੇਡਾ ਦੀ ਅਦਾਲਤ ਨੇ ਸਿਰਫ ਇਕ ਇੰਦਰਜੀਤ ਸਿੰਘ ਰਿਆਤ ਤੋਂ ਇਲਾਵਾ ਬਾਕੀ ਸਾਰੇ ਦੋਸ਼ ਮੁਕਤ ਕਰ ਦਿੱਤੇ ਤਾਂ ਉਹੀ ਮਲਿਕ ਨਰਿੰਦਰ ਮੋਦੀ ਦੇ ਗੁਣ ਗਾਇਨ ਕਰਦਾ ਵੀ ਨਜ਼ਰ ਆਇਆ।ਤਰਾਸਦੀ ਹੀ ਕਹੀ ਜਾਵੇਗੀ ਕਿ ਮਲਿਕ ਦਾ ਕਤਲ ਵੀ ਕਨੇਡਾ ਵਿੱਚ ਸਾਲ 2022 ਵਿੱਚ ਹੋਇਆ। ਉਸਦੇ ਕਤਲ ਤੇ ਹਰਦੀਪ ਸਿੰਘ ਨਿੱਜਰ ਦੇ ਕਤਲ ਦੀ ਤਰਤੀਬ ਇੱਕੋ ਹੈ,ਦੋ ਨਕਾਬਪੋਸ਼ ਗੋਲੀ ਮਾਰਕੇ ਨਿਕਲ ਜਾਂਦੇ ਹਨ।

ਮਲਿਕ ਦਾ ਕਤਲ ਅਜੇ ਵੀ ਭੇਤ ਬਣਿਆ ਹੋਇਆ ਹੈ (ਪਾਕਿਸਤਾਨ ਵਿੱਚ ਦੋ ਭਾਰਤੀ ਮੂਲ ਦੇ ਸਿੱਖਾਂ (ਜੋ ਭਾਰਤੀ ਏਜੰਸੀਆਂ ਨੂੰ ਲੋੜੀਂਦੇ ਵੀ ਦੱਸੇ ਜਾਂਦੇ ਹਨ।ਭਾਈ ਹਰਪ੍ਰੀਤ ਸਿੰਘ ਤੇ ਪਰਮਜੀਤ ਸਿੰਘ ਪੰਜਵੜ ਦਾ ਕਤਲ ਹੁੰਦਾ ਹੈ ਲੇਕਿਨ ਇਥੇ ਵੀ ਮੁਜਰਮਾਨਾ ਚੁੱਪ ਨਜਰ ਆਉਂਦੀ ਹੈ।ਹੁਣ ਜੇ ਕਰ ਹਰਦੀਪ ਨਿੱਝਰ ਤੇ ਜੱਗੀ ਜੌਹਲ ਮਾਮਲੇ ‘ਚ ਬਾਹਰਲੇ ਮੁਲਕ ਭਾਰਤ ਖਿਲਾਫ ਕੋਈ ਸਾਂਝਾ ਮੁਹਾਜ ਵਿੱਢਦੇ ਹਨ ਤਾਂ ਇਹ ਬੋਲ ਯਾਦ ਕਰਨੇ ਪੈਣਗੇ :

‘ਮੇਰੇ ਬਾਰੇ ਮੇਂ ਕੋਈ ਬਾਤ ਨਾ ਕਰਨਾ ਉਨਸੇ
ਬਾਤ ਨਿਕਲੇਗੀ ਤੋ ਫਿਰ ਦੂਰ ਤਲਕ ਜਾਏਗੀ’।

---

☞ ਹਕੂਮਤ ਦੀ ਪ੍ਰਕਿਰਿਆ ਜੋ ਹਮੇਸ਼ਾ ਸਿੱਖਾਂ ਨੂੰ ਅੱਤਵਾਦੀ, ਅਰਾਜਕਤਾਵਾਦੀ ਤੇ ਹਮਲਾਵਰਾਂ ਦੇ ਰੂਪ ਚ ਪੇਸ਼ ਕਰਦੀ ਹੈ, ਪਰ “ਘੁੱਸ ਕਰ ਮਾਰੇਂਗੇ” ਦੇ ਮੁਹਾਵਰੇ ਤਹਿਤ ਗੈਰਨਾਨੂਨੀ ਹੀ ਨਹੀ ਇਨਸਾਫ਼ ਦੀ ਜੇਹੀ ਤੇਹੀ ਫੇਰਦੀਆਂ ਕਾਰਵਾਈਆਂ ਕਰਕੇ,ਪਹਿਲੀ ਵਾਰ ਅੰਤਰ ਰਾਸ਼ਟਰੀ ਪੱਧਰ ਤੇ ਸਿੱਖਾਂ ਦਾ ਕੇਸ ਬਤੌਰ ਮਜ਼ਲੂਮ (Victim) ਦੁਨੀਆਂ ਦੇ ਸਨਮੁੱਖ ਪੇਸ਼ ਹੋਇਆ ਹੈ ਜੋ ਕਿ ਅਸਲੀਅਤ ਵੀ ਹੈ। ਉਹ ਸਿਰਫ ਹਿਦੋਸਤਾਨ ਚ ਹੀ ਨਹੀ ਦੁਨੀਆ ਦੇ ਹਰੇਕ ਕੋਨੇ ਚ ਹਕੂਮਤ ਦੇ ਜਬਰ ਦਾ ਸ਼ਿਕਾਰ ਹਨ। ਨਿੱਝਰ ਦਾ ਕਤਲ ਇਕ ਕਤਲਾਂ ਦੀ ਲੜੀ ਦਾ ਹਿੱਸਾ ਹੈ ਜੋ ਪਤਾ ਨਹੀ ਕੱਦ ਰੁਕੇਗੀ।

ਸਿੱਖ ਜਗਤ ਦੀ ਨਿਗਾ ਚ ਟਰੂਡੋ ਦਾ ਰੋਲ ਨਵਾਬ ਮਲੇਰਕੋਟਲੇ ਦੇ ਮਾਰੇ ਹਾਂਅ ਦੇ ਨਾਹਰੇ ਨਾਲੋ ਕਿਤੇ ਜ਼ਿਆਦਾ ਮਹੱਤਵਪੂਰਨ ਹੈ। ਸਿੱਖ ਇਤਿਹਾਸ ਚ ਇਸਨੂੰ ਰਹਿੰਦੀ ਦੁਨੀਆ ਤੱਕ ਯਾਦ ਰੱਖਿਆ ਜਾਵੇਗਾ ਤੇ ਰੱਖਣਾ ਸਿੱਖ ਕੌਮ ਦਾ ਫਰਜ ਵੀ ਬਣਦਾ ਹੈ। ਜਿਵੇ ਸਿੱਖ ਹੁਣ ਤੱਕ ਨਵਾਬ ਮਲੇਰਕੋਟਲਾ ਤੇ ਦੀਵਾਨ ਕੌੜਾ ਮੱਲ ਨੂੰ ਨਹੀ ਭੁੱਲੇ ਉਸੇ ਤਰਾਂ ਜਸਟਿਨ ਟਰੂਡੋ ਨੂੰ ਵੀ ਨਹੀ ਭੁੱਲਣਗੇ। -ਡਾ. ਬੀ.ਐਸ. ਲੁਧਿਆਣਵੀ


## ਭਾਰਤ ਦੀ ਸਾਜਿਸ਼ ਅਮਰੀਕਾ ਨੇ ਨੰਗੀ ਕੀਤੀ...

ਹੁਣ ਬਿੱਲੀ ਪੂਰੀ ਤਰ੍ਹਾਂ ਥੈਲੀ ‘ਚ ਬਾਹਰ ਆ ਗਈ ਹੈ। ਹਿੰਦੂਤਵੀ ਸਰਕਾਰ ਦੇਸ਼ ਵਿਦੇਸ਼ਾਂ ‘ਚ ਸਿੱਖਾਂ ਦਾ ਸ਼ਿਕਾਰ ਖੇਡਣ ਲੱਗੀ ਹੋਈ।ਐਵੇਂ ਝੂਠ ਬੋਲਕੇ ਜਾਂ ਲੀਪਾ ਪੋਤੀ ਕਰਕੇ ਸੱਚਾਈ ਨਹੀਂ ਦੱਬੀ ਜਾ ਸਕਦੀ ਨਾ ਹੀ ਝੂਠੀ ਪਾਈ ਜਾ ਸਕਦੀ ਹੈ।ਇਹ ਠੀਕ ਹੈ ਕਿ ਦੇਸ਼ ਦਾ ਲਗਭਗ ਸਾਰਾ ਹਿੰਦੂਤਵੀ ਮੀਡੀਆ ਸਿੱਖਾਂ ਵਿਰੁੱਧ ਇੱਕਜੁੱਟ ਹੋ ਜਾਂਦੇ ਹਨ। ਸਿੱਖਾਂ ਨੂੰ ਵੱਖਵਾਦੀ ਤੇ ਅੱਤਵਾਦੀ ਕਹਿ ਕੇ ਬਦਨਾਮ ਕਰਨ ਤੇ ਜ਼ੋਰ ਲਾਇਆ ਜਾਂਦਾ ਹੈ।ਉਨ੍ਹਾਂ ਦੀਆਂ ਜੱਦੀ ਜਾਇਦਾਦਾਂ ਜਿਹੜੀਆਂ ਪਿਉ ਦਾਦੇ ਨੇ ਗਾੜੇ ਪਸੀਨੇ ਦੀ ਕਮਾਈ ਨਾਲ ਬਣਾਈ ਹੋਈਆਂ ਹਨ, ਜ਼ਬਤ ਕੀਤੀਆਂ ਜਾ ਰਹੀਆਂ ਹਨ।ਅੱਤਵਾਦੀ ਦੱਸਕੇ ਸਿੱਖਾਂ ਦੀ ਸੂਚੀ ਜਾਰੀ ਕੀਤੀ ਜਾ ਰਹੀ ਹੈ। ਸੰਮਨ ਘਰਾਂ ਤੇ ਲਟਕਾਏ ਜਾ ਰਹੇ ਹਨ।ਪਰ ਸਿੱਖ ਜਗਤ ਖਾਮੋਸ਼ ਬੈਠਾ ਹੈ।ਅੱਜ ਅਮਰੀਕਾ ਦੀ ਖ਼ੁਫੀਆ ਏਜੰਸੀ ਐਫ਼.ਆਈ.ਏ ਨੇ ਅਮਰੀਕਾ ‘ਚ ਬੈਠੇ 3 ਸਿੱਖ ਨੌਜਵਾਨਾਂ ਨੂੰ ਸੁਚੇਤ ਕੀਤਾ ਹੈ ਕਿ ਉਨ੍ਹਾਂ ਦੀ ਜਾਨ ਨੂੰ ਭਾਰਤੀ ਖੁਫ਼ੀਆ ਏਜੰਸੀਆਂ ਤੋਂ ਖ਼ਤਰਾ ਹੈ।ਇੱਕ ਸਿੱਖ ਨੌਜਵਾਨ ਪ੍ਰਿਤਪਾਲ ਸਿੰਘ ਨਾਮ ਵੀ ਨਸ਼ਰ ਹੋਇਆ ਜਿਹੜਾ ਕਿ ਸਿੱਖ ਕੋਕਸ ‘ਚ ਵੀ ਸ਼ਾਮਲ ਸੀ।ਹੁਣ ਜਦੋਂ ਅਮਰੀਕਾ ਨੇ ਇਸ ਇਕਸਾਫ਼ ਨਾਲ ਭਾਰਤ ਦੇ ਚਿਹਰੇ ਤੋਂ ਪਰਦਾ ਪੂਰੀ ਤਰ੍ਹਾਂ ਹਟਾ ਦਿੱਤਾ ਹੈ ਤਾਂ ਦੁਨੀਆ ਭਰ ‘ਚ ਉਸਦੇ ਫਾਂਸੀਵਾਦ ਚਿਹਰੇ ਦੀ ਨਿੰਦਿਆ ਹੋਣੀ ਯਕੀਨੀ ਹੈ।ਭਾਰਤੀ ਸਰਕਾਰ ਖਾੜਕੂਵਾਦ ਵਾਲੀ ਨੀਤੀ ਤੇ ਕੰਮ ਕਰਨ ਲੱਗੀ ਹੈ।ਜਿਹੜਾ ਕਿਵੇਂ ਵੀ ਕਾਬੂ ਨਹੀਂ ਆਉਦਾ, ਉਸਨੂੰ ਚੁੱਪ ਚਾਪ ਗੱਡੀ ਚੜ੍ਹਾ ਦਿਓ।ਅੱਜ ਤੱਕ 67 ਹਜ਼ਾਰ ਝੂਠੇ ਪੁਲਿਸ ਮੁਕਾਬਲਿਆਂ ਦਾ ਕੋਈ ਹਿਸਾਬ ਕਿਤਾਬ ਨਹੀਂ ਦਿੱਤਾ। ਜੂਨ 1984 ਦੇ ਸਾਕਾ ਦਰਬਾਰ ਸਾਹਿਬ ਕਿੰਨੀਆਂ ਬੇਦੋਸ਼ੀਆਂ ਸਿੱਖ ਸੰਗਤਾਂ ਦਾ ਕਤਲੇਆਮ ਹੋਇਆ, ਕੀ ਇਸ ਬਾਰੇ ਦੱਸਣਾ ਨਹੀਂ ਬਣਦਾ। ਨਵੰਬਰ 1984 ‘ਚ ਸਿੱਖ ਕਤਲੇਆਮ ਹੋਇਆ, ਦੇਸ਼ ਦੇ ਸਾਰੇ ਵੱਡੇ ਸ਼ਹਿਰਾਂ ‘ਚ ਸਿੱਖਾਂ ਦਾ ਕਤਲੇਆਮ ਹੋਇਆ, ਗਲੇ ‘ਚ ਟਾਇਰ ਪਾਏ ਗਏ, ਜਿਊਂਦਿਆਂ ਨੂੰ ਅੰਗਾਂ ਨਾਲ ਸਾੜਿਆ ਗਿਆ। ਇਕੱਲੀ ਦਿੱਲੀ ‘ਚ ਇਹ ਗਿਣਤੀ 5500 ਸੀ, ਪਰ ਇਨਸਾਫ਼ ਅੱਜ ਤੱਕ ਨਹੀਂ ਮਿਲਿਆ।ਕੀ ਇਹ ਯਹੂਦੀ ਕਤਲੇਆਮ ਨਹੀਂ ਸੀ।ਭਾਰਤ ਦੀ ਹਿੰਦੂਤਵੀ ਸਰਕਾਰ ਸਮਝਦੀ ਹੈ ਕਿ ਦੇਸ਼ ‘ਚ ਸਿੱਖਾਂ ਨੂੰ ਨਕੇਲ ਪਾ ਲਈ ਜਾਵੇਗੀ।ਪ੍ਰੰਤੂ ਬਾਹਰਲੇ ਦੇਸ਼ਾਂ ‘ਚ ਇਸ ਲਹਿਰ ਨੂੰ ਤਾਕਤ ਦਾ ਲੱਕ ਤੋੜ ਦਿੱਤਾ ਜਾਵੇ।ਪਰਮਜੀਤ ਸਿੰਘ ਪੰਜਵੜ ਖੇੜਾ ਤੇ ਹਰਦੀਪ ਸਿੰਘ ਨਿੱਝਰ ਇਸ ਲਹਿਰ ਦੇ ਮੋਢੀ ਸਨ, ਉਨ੍ਹਾਂ ਨੂੰ ਰਸਤੇ ‘ਚੋ ਹਟਾ ਦਿੱਤਾ ਗਿਆ।ਹੁਣ ਭਾਰਤ ਸਰਕਾਰ ਨੂੰ ਇਧਰ ਉਧਰ ਕੀ ਬਾਤ ਛੱਡਕੇ ਸਿੱਧੀ ਗੱਲ੍ਹ ਕਰਨੀ ਪਵੇਗੀ। ਦੁਨੀਆ ਸਾਹਮਣੇ ਮੰਨਣਾ ਪਵੇਗਾ ਕਿ ਹਾਂ, ਇਹ ਸਾਡੀ ਹੀ ਫਾਂਸੀਵਾਦੀ ਕਾਰਵਾਈ ਸੀ। ਉਸ ਲਈ ਦੁਨੀਆ ਤੋਂ ਸ਼ਰੇਆਮ ਮਾਫ਼ੀ ਮੰਗਣੀ ਪਵੇਗੀ। ਜਸਪਾਲ ਸਿੰਘ ਹੇਰਾਂ


UNIVERSAL TENT RENTAL LTD.

PARTY RENTALS
• Chair Rentals
• Tables Rentals
• Audio/Visual
• Linens Rentals
• BBQ'S Rentals
• Portable Bar
• Carpet
• Dance Floor
• Lighting
• Decor & More.



Call today to book your special event
Jaswinder (Jessie) Thandi
Ph: 604.951.2905
Cell: 604.825.8588

Wedding, Anniversary, Birthday Party or Any other Occasion
ਵਿਆਹ ਸ਼ਾਦੀ ਜਾਂ ਕਿਸੇ ਵੀ ਤਰਾਂ ਦੀ ਪਾਰਟੀ ਲਈ ਟੈਂਟ, ਕੁਰਸੀਆਂ, ਮੇਜ਼ ਜਾਂ ਹੋਰ ਸਮਾਨ ਵਾਜਬ ਕੀਮਤਾਂ ਤੇ ਕਿਰਾਏ ਤੇ ਮਿਲਦਾ ਹੈ

NOW HIRING
Email: info@universaltent.ca
www.universaltent.ca



UNIVERSAL BUILDING MAINTENANCE LTD.
Since 1987

NOW HIRING



*RESIDENTIAL *COMMERCIAL *INDUSTRIAL

• Pressure Washing
• Carpet Cleaning
• Driveway Washing & Sealing
• Gutter Cleaning
• Floor Cleaning
• Waxing & Sealing
• New House Cleaning

Fast & Quality Service Reasonable Rates

Call Jaswinder (Jessie) Thandi
Cell: 604-377-2641
Bus: 604-951-2909
Website:www.universalbuildingmaintenance.ca
Email:universalbuildingmaintenance01@gmail.com



# ਨਸ਼ਾ ਤਸਕਰ ਨੇ ਕੁੱਤਿਆਂ ਨੂੰ ਸਿਖਾਇਆ ਹਰ ਖਾਕੀਧਾਰੀ 'ਤੇ ਹਮਲਾ ਕਰਨਾ

## ਇੱਧਰ ਕੁੱਤਿਆਂ ਤੋਂ ਬਚਣ 'ਚ ਲੱਗੇ ਪੁਲਿਸ ਮੁਲਾਜ਼ਮ, ਉਧਰ ਨਸ਼ਾ ਤਸਕਰ ਫ਼ਰਾਰ

ਕੋਟਾਯਮ (ਕੇਰਲ): ਕੋਟਾਯਮ ਪੁਲਿਸ ਦੇ ਨਸ਼ੀਲੇ ਪਦਾਰਥ ਰੋਕੂ ਦਸਤੇ ਨੇ ਤਸਕਰ ਹੋਣ ਦੇ ਸ਼ੱਕ 'ਚ ਇਕ ਵਿਅਕਤੀ ਦੇ ਘਰ 'ਤੇ ਅਚਾਨਕ ਤਲਾਸ਼ੀ ਲਈ। ਹਾਲਾਂਕਿ ਇਸ ਦੌਰਾਨ 'ਖਾਕੀ' ਪੋਸ਼ਾਕ ਪਾਈ ਕਿਸੇ ਵੀ ਵਿਅਕਤੀ ਨੂੰ ਕੱਟਣ ਲਈ ਸਿਖਾਏ ਗਏ ਹਿੰਸਕ ਕੁੱਤਿਆਂ ਦੀ ਮੌਜੂਦਗੀ ਕਾਰਨ ਪੁਲਿਸ ਮੁਲਾਜ਼ਮਾਂ ਨੂੰ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ।ਕੁੱਤਿਆਂ ਦੀ ਮੌਜੂਦਗੀ ਕਾਰਨ ਐਤਵਾਰ ਰਾਤ ਨੂੰ ਤਲਾਸ਼ੀ ਪ੍ਰਕਿਰਿਆ 'ਚ ਰੁਕਾਵਟ ਪਈ ਅਤੇ ਮੁਲਜ਼ਮ, ਕੁੱਤਿਆਂ ਦੇ ਹਮਲਿਆਂ ਤੋਂ ਬਚਣ ਦੀ ਕੋਸ਼ਿਸ਼ 'ਚ ਲੱਗੇ ਪੁਲਿਸ ਮੁਲਾਜ਼ਮਾਂ ਦੀ, ਨਜ਼ਰ ਬਚਾ ਕੇ ਭੱਜ ਗਿਆ। ਪੁਲਿਸ ਨੇ ਕਿਹਾ ਕਿ ਕੁੱਤਿਆਂ ਨੂੰ ਕਾਬੂ 'ਚ ਕਰ ਲਿਆ ਗਿਆ ਅਤੇ ਘਰ ਤੋਂ 17 ਕਿੱਲੋਗ੍ਰਾਮ ਤੋਂ ਵੱਧ ਗਾਂਜਾ ਜ਼ਬਤ ਕੀਤਾ ਗਿਆ।ਉਨ੍ਹਾਂ ਕਿਹਾ, ''ਸਾਨੂੰ ਉਮੀਦ ਨਹੀਂ ਸੀ ਕਿ ਇੱਥੇ ਏਨੇ ਸਾਰੇ ਕੁੱਤੇ ਹੋਣਗੇ ਅਤੇ ਉਹ ਹਿੰਸਕ ਹੋਣਗੇ। ਇਸ ਲਈ ਸਾਨੂੰ ਸ਼ੁਰੂ 'ਚ ਤਲਾਸ਼ੀ 'ਚ ਪ੍ਰੇਸ਼ਾਨੀ ਹੋਈ। ਖ਼ੁਸ਼ਕਿਸਮਤੀ ਨਾਲ ਕੋਈ ਵੀ ਅਧਿਕਾਰੀ ਜ਼ਖ਼ਮੀ ਨਹੀਂ ਹੋਇਆ।''ਐੱਸ.ਪੀ. ਨੇ ਕਿਹਾ, ''ਮੁਲਜ਼ਮ ਨੇ ਕੁੱਤਿਆਂ ਨੂੰ ਖਾਕੀ ਵਰਦੀ ਵਾਲਿਆਂ ਨੂੰ ਵੇਖਦਿਆਂ ਹੀ ਕੱਟਣ ਦੀ ਸਿਖਲਾਈ ਦਿਤੀ ਸੀ।





www.deltondentures.com

DELTON DENTURE CLINIC LTD.

Denturists Are Denture Specialist

ਤੁਹਾਡੇ ਜੁਬਾੜੇ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ

- Complete Dentures
- Immediate Dentures
- Partial Dentures
- Dentures Over Implants
- Same Day Relines
- Repairs, Soft Linings
- Sport Guards

ਅਸੀਂ ਦੰਦ ਬਣਾਉਣ 'ਚ ਮਾਹਿਰ ਹਾਂ

CONSUMER CHOICE AWARD 2018 VANCOUVER
Business Category Denturist

WE ARE DENTURISTS

ਅਸੀਂ ਜੁਬਾੜੇ ਬਣਾਉਂਦੇ ਹਾਂ

Get a Beautiful Smile





Chris Kozakiewicz
BSc., R.D.

Mon-Fri: 9am-5pm, Saturdays By Appointment

Scott 72 Shopping Centre

#209- 7313-120th St., Delta ( Above London Drugs & Staples )

604.590.1111

ਪਿਛਲੇ 25 ਸਾਲ ਤੋਂ ਇੰਡੀਅਨ ਰੈਸਟੋਰੈਂਟ ਚਲਾ ਰਹੇ (India Bistro Roosevelt) ਨੇ ਸ਼ੁਰੂ ਕਰ ਦਿੱਤੀ ਹੈ

#1 Services On Your Special Events

SARDAR JI CATERING

SARDAR JI CATERING

Website:www.sardarjicatering.com



ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮਾਂ ਲਈ ਸੇਵਾਵਾਂ ਵੀ ਦਿੰਦੇ ਹਾਂ ਅਤੇ ਲੰਗਰ ਪੂਰੀ ਗੁਰ ਮਰਿਯਾਦਾ ਅਨੁਸਾਰ ਤਿਆਰ ਕੀਤਾ ਜਾਂਦਾ ਹੈ

- ਸ਼ਾਨਦਾਰ ਸਰਵਿਸ (ਤਜਰਬੇਕਾਰ ਅਤੇ ਟਰੇਨਡ ਕੁੱਕ)
- ਅਸੀਂ ਕੇਟਰਿੰਗ ਲਈ ਲਾਇਸੈਂਸਡ ਹਾਂ ਤੇ Hygenic Services ਦਿੰਦੇ ਹਾਂ
- ਪੰਜਾਬੀਆਂ ਦੇ ਜਾਇਕੇਦਾਰ ਲਾਜਵਾਬ ਸਵਾਦਲੇ ਖਾਣੇ ਬਣਾਉਂਦੇ ਹਾਂ
- ਕੇਟਰਿੰਗ ਤੋਂ ਇਲਾਵਾ ਕਰੌਕਰੀ ਅਤੇ ਵੇਟਰਾਂ ਦਾ ਪ੍ਰਬੰਧ ਕਰਦੇ ਹਾਂ
- LIVE FRESH ਕੁਕਿੰਗ
- Excellent Food Presentation
- ਤੁਹਾਡੇ ਬੱਜਟ ਤੇ ਸਵਾਦ ਮੁਤਾਬਕ ਕਸਟਮਮੇਡ Menus
- ਹਰ ਤਰ੍ਹਾਂ ਦੇ ਫੰਕਸ਼ਨ ਤੇ ਸੇਵਾਵਾਂ ਪ੍ਰਦਾਨ ਕਰਦੇ ਹਾਂ
- ਲਾਇਸੈਂਸਡ ਫੂਡ ਟਰੱਕ ਅਤੇ ਤੰਦੂਰ ਲਾਉਂਦੇ ਹਾਂ

*No matter the Event *Count on us * Available for all occasions

ਬੈਲਿੰਗਹਾਮ ਤੋਂ ਪੋਰਟਲੈਂਡ ਤੱਕ ਕੇਟਰਿੰਗ ਕਰਦੇ ਹਾਂ

For Catering Enquiries Contact: Off:206-517-4444, Cell:206-771-5079

6417 Roosevelt Way NE #105, Seattle WA 98115 Email:sardarjicatering@gmail.com

MB BRAR & Co.
Accounting & Business Professionals

INCOME TAX ਇਨਕਮ ਟੈਕਸ

Nil Income Still Eligible For Refunds. E-file For Faster Refunds

ਸਾਨੂੰ ਵਧੀਆ ਅਤੇ ਭਰੋਸੇਯੋਗ ਸੇਵਾਵਾਂ ਲਈ ਮਿਲੋ:

For Prompt, Polite And Professional Services, Please See Us

- Personal Tax (T1)
- Sole Proprietor
- Corporate Tax (T2)
- Partnerships
- GST, PST & HST
- WCB
- CRA Reviews
- Business Planning

- ਪਰਸਨਲ ਟੈਕਸ
- ਪ੍ਰੋਪਰਾਇਟਰ
- ਕੋਰਪੋਰੇਟ ਟੈਕਸ
- ਪਾਰਟਨਰਸ਼ਿਪ
- ਜੀ.ਐਸ.ਟੀ., ਪੀ.ਐਸ.ਟੀ. ਅਤੇ ਐਚ.ਐਸ.ਟੀ.
- ਡਬਲਿਊ.ਸੀ.ਬੀ.
- ਸੀ.ਆਰ.ਏ. ਰਿਵੀਊਜ਼
- ਬਿਜਨਿਸ ਪਲੈਨਿੰਗ

All Revenue Canada applications and inquiries.

Mandeep Brar: 778-908-3317
mandeep@brarco.ca



Continental Immigration Solutions
"Helping Make Canada Home"

- Super Visa
- Permanent Residence
- Study Permit
- Work Permit
- Provincial Nominations
- Spousal Sponsorship

- ਸੁਪਰ ਵੀਜ਼ਾ
- ਪਰਮਾਨੈਂਟ ਰੇਜੀਡੈਂਸ
- ਸਟੱਡੀ ਪਰਮਿਟ
- ਵਰਕ ਪਰਮਿਟ
- ਪ੍ਰੋਵਿੰਸ਼ੀਅਲ ਨੌਮੀਨੇਸ਼ਨਜ
- ਪਤੀ/ਪਤਨੀ ਸਪੌਂਸਰਸ਼ਿਪ

Sukhvir Chand
RCIC, BBA
778-549-6851
sukh@cisonline.ca

CAPIC ACCP
www.cisonline.ca
Commissioner of Oaths for British Columbia
Member of CAPIC
iccrc crcic

Unit 101 32883 South Fraser Way Abbotsford British Columbia V2S 2A6 | Tel: 604-852-3201 | Fax: 604-852-3284

ਪੰਜਾਬ ਦੀ ਤੁਹਾਡੀ ਜ਼ਮੀਨ ਨਾਲ ਜੁੜਿਆ ਕੋਈ ਵੀ ਕੰਮ ਜਾਂ ਮਸਲਾ ਹੋਵੇ

ਸਾਬਕਾ ਸੀਨੀਅਰ ਅਧਿਕਾਰੀ ਅਤੇ ਪੰਜਾਬ ਰੈਵੇਨਿਊ ਦੇ ਮਾਹਿਰ
ਸ. ਹਰਚਰਨ ਸਿੰਘ ਸੰਧੂ ਪੀ ਸੀ ਐੱਸ (ਰਿਟਾ:)
ਨੂੰ ਫੋਨ ਕਰੋ: 604-518-3637
ਜਾਂ ਈਮੇਲ ਕਰੋ hssandhupcs@gmail.com



FOR ALL YOUR DENTAL NEEDS
In Cloverdale & South Surrey



Dr. Inderpreet Sandhu
BDS, DDS

CLOVERDALE VILLAGE DENTAL

Services Provided

- Dental Exams/X-rays
- Extractions/Oral Surgery
- Cleaning & Polishing
- Dentures & Mouth Guards
- Dental Fillings
- Teeth Whitening
- Crowns & Bridges
- Root Canal Treatment

A House of Family Dentistry
5635 - 176A Street, Surrey, BC
(across the street from Cloverdale Library)
Cloverdalevillagedental@gmail.com
604-579-0102

ਪਿੰਡ ਲਲਤੋਂ ਕਲਾਂ/ਲਲਤੋਂ ਖੁਰਦ ਜ਼ਿਲ੍ਹਾ ਲੁਧਿਆਣਾ ਨਿਵਾਸੀਆਂ ਦਾ

## ਸਾਲਾਨਾ ਇਕੱਠ

**ਪ੍ਰਕਾਸ਼ 29 ਸਤੰਬਰ ਭੋਗ 1 ਅਕਤੂਬਰ 2023 ਨੂੰ ਗੁਰਦੁਆਰਾ ਸਾਹਿਬ ਯੌਰਕ ਸੈਂਟਰ, ਸਰੀ. ਬੀ.ਸੀ. ਵਿਖੇ ਹੋਵੇਗਾ।**

ਪਿੰਡ ਲਲਤੋਂ ਕਲਾਂ/ਲਲਤੋਂ ਖੁਰਦ ਜ਼ਿਲ੍ਹਾ ਲੁਧਿਆਣਾ ਨਿਵਾਸੀਆਂ ਦਾ ਸਾਲਾਨਾ ਇਕੱਠ 29 ਸਤੰਬਰ ਤੋਂ 1 ਅਕਤੂਬਰ 2023 ਨੂੰ ਸ੍ਰੀ ਗੁਰਦੁਆਰਾ ਸਾਹਿਬ ਯੌਰਕ ਸੈਂਟਰ (#103-7938-128ਸਟਰੀਟ ਸਰੀ) ਵਿਖੇ ਹੋਵੇਗਾ। ਤਿੰਨੇ ਦਿਨ ਲੰਗਰਾਂ ਦੀ ਸੇਵਾ ਸਮੂਹ ਪਿੰਡ ਨਿਵਾਸੀਆਂ ਵੱਲੋਂ ਹੋਵੇਗੀ। ਦੋਨਾਂ ਪਿੰਡਾਂ ਦੀਆਂ ਧੀਆਂ ਭੈਣਾਂ ਅਤੇ ਸਮੂਹ ਪਿੰਡ ਨਿਵਾਸੀਆਂ ਨੂੰ ਪਰਿਵਾਰਾਂ ਸਮੇਤ ਤਿੰਨੇ ਦਿਨ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ।

**ਵਿਸ਼ੇਸ਼ ਨੋਟ:ਐਡਮਿੰਟਨ, ਕੈਲਗਰੀ ਅਤੇ ਅਮਰੀਕਾ ਦੇ ਲਲਤੋਂ ਨਿਵਾਸੀ ਵੀ ਵਿਸ਼ੇਸ਼ ਤੌਰ 'ਤੇ ਪਹੁੰਚ ਕੇ ਅਤੇ ਸੇਵਾ ਵਿਚ ਹੱਥ ਵਟਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।**

### ਪ੍ਰੋਗਰਾਮ

ਆਰੰਭ ਸ੍ਰੀ ਅਖੰਡਪਾਠ ਸਾਹਿਬ 29 ਸਤੰਬਰ ਦਿਨ ਸ਼ੁੱਕਰਵਾਰ ਸਵੇਰੇ 9:00 ਵਜੇ
ਭੋਗ ਸ੍ਰੀ ਅਖੰਡਪਾਠ ਸਾਹਿਬ 1 ਅਕਤੂਬਰ ਦਿਨ ਐਤਵਾਰ ਸਵੇਰੇ 10:00 ਵਜੇ

**ਹੋਰ ਜਾਣਕਾਰੀ ਲਈ ਸੰਪਰਕ ਕਰੋ :**

ਅਜੈਬ ਸਿੰਘ ਗਰੇਵਾਲ
ਫੋਨ 604-582-0268

ਨਰਦੀਪ ਸਿੰਘ ਗਰੇਵਾਲ
ਫੋਨ 778-680-3453

# ਮਦਰ ਇੰਡੀਆ

## CELEBRATING




**IN BUSSINESS**

# ਸ਼ਿਲਾਜੀਤ




ਗੋਡਿਆਂ ਮੋਢਿਆਂ ਦੇ ਦਰਦ ਤੋਂ ਨਿਜਾਤ
ਪਾਉਣ ਲਈ ਮਦਰ ਇੰਡੀਆ ਦੀ
ਖਾਲਸ ਸ਼ਿਲਾਜੀਤ ਵਰਤੋ ਜੋ ਅਨਰਜੀ
ਬੂਸਟ ਲਈ ਅਤਿਅੰਤ ਲਾਹੇਵੰਦ ਹੈ

Mother india

# Attar (Profume)

Now Available







ਨਰੇਸ਼ ਸ਼ੁਕਲਾ

Email:nareshcanada@hotmail.com
6647-Main Street (50th Ave.)
Vancouver BC V5X 3H3




## ਮਦਰ ਇੰਡੀਆ ਹਰਬਲ ਸ਼ੈਂਪੂ
## ਹੁਣ 8 ਰੰਗਾਂ ਵਿਚ ਮਿਲਦਾ ਹੈ

# TEL: 604-430-6072

"ਜੈ ਰਾਜਾ ਸਾਹਿਬ ਜੀ ਦੀ" "ਜੈ ਰਾਜਾ ਸਾਹਿਬ ਜੀ ਦੀ"





# ਧੰਨ ਧੰਨ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ

# 83ਵੀਂ ਬਰਸੀ

## (ਪਿੰਡ ਮਜਾਰਾ ਰਾਜਾ ਸਾਹਿਬ, ਜ਼ਿਲ੍ਹਾ ਨਵਾਂ ਸ਼ਹਿਰ)

**ਆਦਿ ਅੰਤ ਮੱਧ ਪੂਰਨ ਓਂਕਾਰ ਮਮ ਰੂਪ। ਸਤਿਗੁਰ ਕੇ ਪ੍ਰਸਾਦਿ ਸੇ ਜਾਨਿਯੇ ਰੂਪ ਅਨੂਪ।।**



ਗੁਰੂ ਪਿਆਰੀ ਸਾਧ ਸੰਗਤ ਜੀ
ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ

ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਜੀ ਦੀ 83ਵੀਂ ਬਰਸੀ ਆਪ ਸਭ ਸੰਗਤਾਂ ਦੇ ਸਹਿਯੋਗ ਨਾਲ 29 ਸਤੰਬਰ ਤੋਂ 1 ਅਕਤੂਬਰ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਵੈਨਕੂਵਰ (7271 ਗਿਲੀ ਐਵੇਨਿਊ, ਬਰਨਬੀ) ਵਿਖੇ ਮਨਾਈ ਜਾ ਰਹੀ ਹੈ ਜਿਸਦੇ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋਣਗੇ।

## ਅਖੰਡਪਾਠ ਸਾਹਿਬ ਜੀ ਦੇ ਪ੍ਰੋਗਰਾਮ

**ਆਰੰਭ ਸ੍ਰੀ ਅਖੰਡਪਾਠ ਸਾਹਿਬ 29 ਸਤੰਬਰ ਦਿਨ ਸ਼ੁੱਕਰਵਾਰ ਸਵੇਰੇ 10 ਵਜੇ**

**ਭੋਗ ਸ੍ਰੀ ਅਖੰਡਪਾਠ ਸਾਹਿਬ 1 ਅਕਤੂਬਰ ਦਿਨ ਐਤਵਾਰ ਸਵੇਰੇ 10 ਵਜੇ**

ਭੋਗ ਤੋਂ ਉਪਰੰਤ ਕੀਰਤਨ ਦੀਵਾਨ ਸਜਣਗੇ।ਗੁਣੀ ਗਿਆਨੀ ਸ੍ਰੀ ਨਾਭ ਕਮਲ ਰਾਜਾ ਸਾਹਿਬ ਜੀ ਦੀ ਜੀਵਨੀ ਤੇ ਚਾਨਣਾ ਪਾਉਣਗੇ। ਤਿੰਨੇ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ। ਤਿੰਨੇ ਦਿਨ ਪਰਿਵਾਰਾਂ ਸਮੇਤ ਹਾਜਰੀ ਭਰਨ ਦੀ ਕ੍ਰਿਪਾਲਤਾ ਕਰਨੀ ਜੀ।

**ਗੁਰੂ ਪਿਆਰੀ ਸਾਧ ਸੰਗਤ ਜੀ ਗੁਰੂਘਰ ਦੀ ਇਮਾਰਤ ਦਾ ਕੰਮ ਚੱਲ ਰਿਹਾ ਹੈ।ਆਪਣੀ ਕ੍ਰਿਤ ਕਮਾਈ ਨੂੰ ਸਫਲਾ ਕਰਦੇ ਹੋਏ ਗੁਰੂਘਰ ਨੂੰ ਵੱਧ ਤੋਂ ਵੱਧ ਮਾਇਆ ਦਾਨ ਕਰੋ ਜੀ ਤਾਂ ਜੋ ਗੁਰੂਘਰ ਦੀ ਨਵੀਂ ਇਮਾਰਤ ਦਾ ਕੰਮ ਨੇਪਰੇ ਚੜ੍ਹ ਸਕੇ ਜੀ।ਧੰਨਵਾਦ।**

## ਹੋਰ ਜਾਣਕਾਰੀ ਲਈ ਫੋਨ ਕਰ ਸਕਦੇ ਹੋ

ਬਿਲ ਬਸਰਾ(ਪ੍ਰਧਾਨ):604-725-4048
ਅਰੁਣਜੀਤ ਲੰਗੇਰੀ:778-251-2138, ਗੁਰਮੁਖ ਸਿੱਧੂ:778-898-6813

7271 Gilley Ave, Burnaby, BC V5J 4W9

# ਭਿਆਨਕ ਖ਼ੂਨੀ ਸੱਚ ਫਿਰ ਉਜਾਗਰ ਹੋਇਆ...

ਅੱਜ ਭਾਰਤ ਦੀ ਫਾਂਸੀਵਾਦੀ ਸਰਕਾਰ ਰੌਲਾ ਪਾ ਰਹੀ ਹੈ ਕਿ ਉਸਤੇ ਸਿੱਖਾਂ ਦੇ ਕਤਲ ਦੇ ਕਨੇਡਾ ਅਤੇ ਅਮਰੀਕਾ ਵੱਲੋਂ ਗਲਤ ਦੋਸ਼ ਲਾਏ ਜਾ ਰਹੇ ਹਨ, ਇਸ ਮੌਕੇ ਸਿੱਖਾਂ ਨੂੰ ਪੁੱਛਣਾ ਚਾਹੀਦਾ ਹੈ ਕਿ ਕੀ ਪੰਜਾਬ 'ਚ ਸਿੱਖਾਂ ਦਾ ਵਹਿਸੀਆਨਾ ਕਤਲੇਆਮ ਨਹੀਂ ਹੋਇਆ ? ਉਸ ਲਈ ਕੌਣ ਜਿੰਮੇਵਾਰੀ ਸੀ, ਅਤੇ ਉਸ ਕਤਲੇਆਮ ਦੀ ਹੁਣ ਤੱਕ ਨਿਰਪੱਖ ਜਾਂਚ ਕਿਉਂ ਨਹੀਂ ਕਰਵਾਈ ਗਈ ? ਅੱਜ ਮੌਕਾ ਹੈ ਜਦੋਂ ਵਿਸ਼ਵ ਦੀਆਂ ਦੀਆਂ ਦੋ ਵੱਡੀਆਂ ਸ਼ਕਤੀਆਂ ਗੰਭੀਰ ਦੋਸ਼ ਲਾ ਰਹੀਆਂ ਹਨ ਜਿਸ ਨਾਲ ਸੱਪ ਖੁੱਡ ਵਿੱਚੋਂ ਬਾਹਰ ਆ ਗਿਆ ਹੈ, ਹੁਣ ਉਸਨੂੰ ਪਟਾਰੀ ਵਿੱਚ ਪਾਉਂਣਾਂ ਸੋਖਾ ਹੋ ਗਿਆ ਹੈ।

ਦੇਸ਼ ਦੀਆਂ ਸਰਕਾਰਾਂ ਦਾ ਸਿੱਖਾਂ ਪ੍ਰਤੀ ਜਾਬਰ, ਜ਼ੁਲਮੀ, ਵਹਿਸ਼ੀਆਨਾ, ਭਿਆਨਕ ਚਿਹਰਾ ਤੇ ਸੋਚ ਭਾਵੇਂ ਕਿਸੇ ਤੋਂ ਲੋਕੀ ਛੁਪੀ ਨਹੀਂ। ਇਸ ਜ਼ੁਲਮ-ਤਸ਼ਦਦ ਦਾ ਸਿੱਖ ਕੌਮ ਅਜ਼ਾਦੀ ਤੋਂ ਅਗਲੇ ਦਿਨ ਤੋਂ ਹੀ ਸ਼ਿਕਾਰ ਹੁੰਦੀ ਆਈ ਹੈ ਅਤੇ ਅੱਜ ਤੱਕ ਨਿਰੰਤਰ ਹੋ ਰਹੀ ਹੈ। ਦਰਬਾਰ ਸਾਹਿਬ ਤੇ ਹਮਲਾ, ਸਿੱਖ ਨੌਜਵਾਨਾਂ ਦਾ ਵਹਿਸ਼ੀਆਨਾ ਕਤਲੇਆਮ, 25 ਹਜ਼ਾਰ ਅਣਪਛਾਤੀਆਂ ਲਾਸ਼ਾਂ, ਝੂਠੇ ਪੁਲਿਸ ਮੁਕਾਬਲੇ ਅਤੇ ਨਵੰਬਰ 1984 ਦਾ ਸਿੱਖ ਕਤਲੇਆਮ, ਸਮੇਂ ਦੀਆਂ ਸਰਕਾਰਾਂ ਦੇ ਸਿੱਖੀ ਦੀ ਨਸਲਕੁਸ਼ੀ ਲਈ ਕੀਤੇ ਗਏ ਵਹਿਸ਼ੀਆਨਾ ਕਾਰੇ ਹਨ। ਜਿਨ੍ਹਾਂ ਦਾ ਸਿੱਖ ਸ਼ਿਕਾਰ ਹੋਏ। ਪੰਜਾਬ 'ਚ ਖਾੜਕੂਵਾਦ ਦੇ ਦੌਰ ਸਮੇਂ ਮਨੁੱਖੀ ਅਧਿਕਾਰਾਂ ਦਾ ਸ਼ਰੇਆਮ ਘਾਣ ਹੋਇਆ। ਸਿੱਖਾਂ ਨੇ ਨਿਰੰਤਰ ਦੁਹਾਈ ਪਾਈ ਹੈ। ਪ੍ਰੰਤੂ ਕਿਸੇ ਮਨੁੱਖੀ ਅਧਿਕਾਰ ਸੰਸਥਾ ਨੇ ਇਸ ਦੁਹਾਈ ਵੱਲ ਕੱਲ੍ਹ ਨਹੀਂ ਧਰੇ। ਇੰਦਰਾ ਕੇ , ਮੋਦੀ ਕੇ, ਜਿਨ੍ਹਾਂ ਦੇ ਹੱਥ ਘੱਟਗਿਣਤੀ ਦੇ ਖ਼ੂਨ ਨਾਲ ਲਿਬੜੇ ਹੋਏ ਹਨ, ਦੁਨੀਆ 'ਚ ਹਿੱਕ ਚੌੜੀ ਕਰਕੇ, ਮਨੁੱਖੀ ਅਧਿਕਾਰਾਂ ਦੀ ਰਾਸ਼ੀ ਦੀਆਂ ਬੜਕਾਂ ਮਾਰਦੇ ਫਿਰਦੇ ਹਨ। ਅਮਰੀਕਾ ਵਰਗੇ ਦੇਸ਼ ਲਈ ਮਨੁੱਖੀ ਅਧਿਕਾਰਾਂ ਦਾ ਕਾਤਲ ਮੋਦੀ, ਹੁਣ ਦੋਸਤ ਬਣ ਗਿਆ ਹੈ। ਦੇਸ਼ ਦੀ ਹਕੂਮਤ ਨੇ ਪੰਜਾਬ 'ਚ ਸਿੱਖਾਂ ਦਾ ਭਿਆਨਕ ਕਤਲੇਆਮ ਕੀਤਾ।ਖਾੜਕੂ ਸਿੰਘਾਂ ਨੂੰ ਤਾਂ ਝੂਠੇ-ਸੱਚੇ ਪੁਲਿਸ ਮੁਕਾਬਲਿਆਂ 'ਚ ਸ਼ਹੀਦ ਕੀਤਾ ਹੀ ਗਿਆ, ਪ੍ਰੰਤੂ ਜਿਸ ਤਰ੍ਹਾਂ ਉਨ੍ਹਾਂ ਦੇ ਪਰਿਵਾਰਾਂ ਦਾ ਵੀ ਵਹਿਸ਼ੀਆਨਾ ਕਤਲੇਆਮ ਹੋਇਆ, ਉਹ ਕਿਸੇ ਦੇਸ਼ ਦੀ ਸਰਕਾਰ, ਆਪਣੇ ਦੇਸ਼ ਦੇ ਨਾਗਰਿਕ ਦਾ ਕਰ ਨਹੀਂ ਸਕਦੀ। ਪ੍ਰੰਤੂ ਕਿਉਂਕਿ ਇਸ ਦੇਸ਼ ਦੀ ਸਰਕਾਰ ਸਿੱਖਾਂ ਨੂੰ ਇਸ ਦੇਸ਼ ਦੇ ਸ਼ਹਿਰੀ ਹੀ ਨਹੀਂ ਮੰਨਦੀ, ਇਸ ਲਈ ਉਸਨੇ ਨਿੱਕੇ-ਨਿੱਕੇ ਮਾਸੂਮ ਸਿੱਖ ਬੱਚਿਆਂ ਦਾ, ਲਾਠੀ ਦਾ ਸਹਾਰਾ ਲੈ ਕੇ ਤੁਰਦੇ-ਫਿਰਦੇ ਬਜ਼ੁਰਗਾਂ ਤੱਕ ਦਾ ਵਹਿਸ਼ੀਆਨਾ ਕਤਲੇਆਮ ਕੀਤਾ।ਉਨ੍ਹਾਂ ਦਾ ਕਸੂਰ ਸਿਰਫ਼ ਇਹ ਸੀ ਕਿ ਉਨ੍ਹਾਂ ਦਾ ਪੁੱਤ-ਪੋਤਾ, ਜਾਂ ਬਾਪ, ਕੌਮ ਲਈ ਕੌਮੀ ਘਰ ਦੀ ਪ੍ਰਾਪਤੀ ਚਾਹੁੰਦਾ ਸੀ। ਅੱਜ ਤੱਕ ਕੇਂਦਰ ਤੇ ਸੂਬਾ ਸਰਕਾਰ ਇਸ ਭਿਆਨਕ ਕੌੜੇ ਸੋਚ ਨੂੰ ਮੰਨਣ ਲਈ ਤਿਆਰ ਨਹੀਂ ਹਨ। ਉਹ ਨੌਜਵਾਨ ਜਿਨ੍ਹਾਂ ਨੂੰ ਰਾਤ ਸਮੇਂ, ਸੁੱਤੇ ਪਿਆ ਨੂੰ ਘਰੋਂ ਚੁੱਕਿਆ, 33 ਵਰ੍ਹੇ ਲੰਘ ਜਾਣ ਤੇ ਵੀ ਅੱਜ ਤੱਕ ਉਨ੍ਹਾਂ ਦੀ ਕਈ ਉੱਘ-ਸੁੱਘ ਨਹੀਂ ਹੈ।ਨਾਮੀ ਖਾੜਕੂ ਸਿੰਘਾਂ ਦੇ ਪਰਿਵਾਰਾਂ ਨੂੰ ਕੋਹ-ਕੋਹ ਕੇ ਮਾਰ ਦਿੱਤਾ, ਅੱਜ ਤੱਕ ਕਈ ਪਰਚਾ ਦਰਜ ਨਹੀਂ ਹੋਇਆ। ਕਿਉਂਕਿ ਸਰਕਾਰਾਂ ਇਸ ਸੋਚ ਤੋਂ ਇਨਕਾਰੀ ਰਹੀਆਂ ਹਨ। ਹੁਣ ਜਦੋਂ ਦੇਸ਼ ਦੇ ਕੌਮੀ ਤੇ ਨਾਮੀ ਚੈਨਲ ਰਾਜ ਸਭਾ ਟੀ. ਵੀ. ਤੇ ਇਸ ਨੇ ਦੇਸ਼ ਦੇ ਰੱਖਿਆ ਮਾਹਿਰ ਆਖੇ ਜਾਂਦੇ ਅਨਿਲ ਕੋਲ ਨੇ ਪੂਰੀ ਦੁਨੀਆ ਸਾਹਮਣੇ ਖੁਲਾਸਾ ਕਰ ਦਿੱਤਾ ਹੈ ਕਿ ਪੰਜਾਬ 'ਚ ਖਾੜਕੂਵਾਦ ਨੂੰ ਖ਼ਤਮ ਕਰਨ ਲਈ ਸਰਕਾਰਾਂ ਨੇ ਉਸ ਸਮੇਂ ਸੁਰੱਖਿਆ ਦਸਤਿਆਂ ਨੂੰ ਖੁੱਲ੍ਹ ਦੇ ਕੇ ਖਾੜਕੂਆਂ ਦੇ ਪਰਿਵਾਰਾਂ ਦਾ ਕਤਲੇਆਮ ਕਰਵਾਇਆ ਸੀ। ਖਾੜਕੂਆਂ ਦੇ ਪਰਿਵਾਰਾਂ ਦੇ ਖ਼ਾਤਮਿਆਂ ਕਾਰਣ ਹੀ ਪੰਜਾਬ 'ਚੋਂ ਖਾੜਕੂਵਾਦ ਦੀ ਲਹਿਰ ਦਾ ਲੱਕ ਤੋੜਿਆ ਗਿਆ ਸੀ। ਇਹ ਸੁਰੱਖਿਆ ਮਾਹਿਰ ਇਥੇ ਹੀ ਨਹੀਂ ਰੁਕਦਾ ਸਗੋਂ ਮੋਦੀ ਸਰਕਾਰ ਨੂੰ ਸਲਾਹ ਦਿੰਦਾ ਹੈ ਕਿ ਪੰਜਾਬ 'ਚ ਖਾੜਕੂਆਂ ਦੇ ਪਰਿਵਾਰਾਂ ਨੂੰ ਮਾਰਨ ਵਾਲਾ ਸਫਲ ਫਾਰਮਲਾ ਹੁਣ ਕਸ਼ਮੀਰ 'ਚ ਵੀ ਲਾਗੂ ਕੀਤਾ ਜਾਵੇ। ਇਸ ਨਾਲ ਹਿੰਦਵਾਦੀਆਂ ਦੀ ਉਹ ਜਾਨੂੰਨੀ ਸੋਚ ਨੰਗੀ ਹੋ ਜਾਂਦੀ ਹੈ, ਜਿਸ ਜਹਿਰੀਲੀ ਸੋਚ ਅਨੁਸਾਰ ਉਹ ਦੱਬ ਦੀਆਂ ਘੱਟਗਿਣਤੀਆਂ ਦਾ ਮੁਕੰਮਲ ਸਫ਼ਾਇਆ ਕਰਨਾ ਚਾਹੁੰਦੇ ਹਨ।ਦੇਸ਼ ਦੇ ਸਰਕਾਰੀ ਚੈਨਲ ਤੇ ਸੁਰੱਖਿਆ ਮਾਹਿਰ ਵਲੋਂ ਇਸ ਮੰਚ ਨੂੰ ਪ੍ਰਵਾਨ ਕਰਨਾ ਕਿ ਪੰਜਾਬ 'ਚ ਖਾੜਕੂਆਂ ਦੇ ਪਰਿਵਾਰਾਂ ਦਾ ਕਤਲੇਆਮ ਕੀਤਾ ਗਿਆ ਸੀ, ਸਿੱਖ ਕੌਮ ਨੂੰ ਮੌਕਾ ਦਿੰਦਾ ਹੈ ਕਿ ਅੰਤਰਰਾਸ਼ਟਰੀ ਪੱਧਰ ਤੇ ਇਸ ਦੇਸ਼ ਦੇ ਫ਼ਿਰਕੂ, ਜਾਨੂੰਨੀ ਤੇ ਮਨੁੱਖੀ ਅਧਿਕਾਰਾਂ ਦੇ ਘਾਣ ਨਾਲ ਨੰਗੇ ਹੋਏ ਚਿਹਰੇ ਨੂੰ ਪੂਰੀ ਤਰ੍ਹਾਂ ਦੁਨੀਆਂ ਸਾਹਮਣੇਂ ਕੀਤਾ ਜਾਵੇ।ਮੋਦੀ ਜਿਹੜਾ ਦੇਸ਼ ਦੇਸ਼ ਤੁਰਿਆ ਫਿਰਦਾ ਹੈ, ਉਸ ਅੱਗੇ ਪਹਿਲਾ ਸੁਆਲ ਇਹ ਖੜ੍ਹਾ ਕਰਵਾਇਆ ਜਾਵੇ ਕਿ ਭਾਰਤ 'ਚ ਘੱਟਗਿਣਤੀਆਂ ਦਾ ਕਤਲੇਆਮ ਕਿਉਂ ਹੋ ਰਿਹਾ ਹੈ ? ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਦਾ ਘਾਣ ਕਿਉਂ ਹੋ ਰਿਹਾ ਹੈ। ਮਨੁਖਤਾ ਤੋਂ ਮਨੁਖੀ ਅਧਿਕਾਰਾਂ ਦੇ ਕਾਤਲਾਂ ਲਈ ਮਨੁੱਖੀ ਅਧਿਕਾਰਾਂ ਦੇ ਰਾਖੇ ਦੇਸ਼ 'ਚ ਕੋਈ ਥਾਂ ਨਹੀਂ। ਦੂਜੇ ਪਾਸੇ ਸੁਰੱਖਿਆ ਮਾਹਿਰ ਅਨਿਲ ਕੋਲ ਦੋ ਇਹ ਇੰਕਸਾਫ਼ ਨੂੰ ਸੁਪਰੀਮ ਕੋਰਟ 'ਚ ਲੈ ਕੇ ਜਾਇਆ ਜਾਵੇ ਤੇ ਕੇਂਦਰੀ ਸਰਕਾਰ ਨੂੰ ਕਟਹਿਰੇ 'ਚ ਖੜ੍ਹਾ ਕੀਤਾ ਜਾਵੇ ਅਤੇ ਉਸਤੋਂ ਪੰਜਾਬ ਚ ਝੂਠੇ ਪੁਲਿਸ ਮੁਕਾਬਲਿਆਂ ਅਤੇ ਖਾੜਕੂ ਸਿੰਘਾਂ ਦੇ ਪਰਿਵਾਰਾਂ ਦੇ ਕਤਲੇਆਮ ਦਾ ਹਿਸਾਬ ਮੰਗਿਆ ਜਾਵੇ। ਇਹ ਠੀਕ ਹੈ ਕਿ ਅੱਜ ਅਸੀਂ ਵਿਚਾਰਾਂ ਦੀ ਜੰਗ ਨਾਲ ਹੀ ਦੁਸ਼ਮਣ ਨੂੰ ਢਾਹੁਣਾ ਤੇ ਮਾਰਨਾ ਹੈ। ਪ੍ਰੰਤੂ ਇਸ ਲਈ ਕੌਮ ਦੇ ਹਰ ਖੇਤਰ ਦੇ ਸੂਝਵਾਨ ਸਿੱਖਾਂ ਦਾ ਇਕ 'ਥਿੰਕ ਟੈਂਕ' ਜ਼ਰੂਰ ਖੜ੍ਹਾ ਕਰਨਾ ਹੋਵੇਗਾ ਜਿਹੜਾ ਅਜਿਹੇ ਮਸਲਿਆਂ ਤੇ ਪੰਥਕ ਤੇ ਕਾਨੂੰਨੀ ਸੰਘਰਸ਼ ਦੀ ਰੂਪ-ਰੇਖਾ ਉਲੀਕ ਸਕਦ ਹੋਵੇ। ਜਦੋਂ ਤੱਕ ਅਸੀਂ ਜਾਲਮ ਦੀ ਸੰਘੀ ਨੂੰ ਹੱਥ ਨਹੀਂ ਪਾਉਂਦੇ, ਉਦੋਂ ਤੱਕ ਸਾਨੂੰ ਇਨਸਾਫ ਮਿਲਣ ਦੀ ਕੋਈ ਉਮੀਦ ਨਹੀਂ ਰੱਖਣੀ ਚਾਹੀਦੀ।-ਪਹਿਰੇਦਾਰ

## ਮੁਸਲਮਾਨਾਂ ਖਿਲਾਫ ਹਿੰਸਾ ਫੈਲਾਉਣ ਦੀ ਸ਼ਾਜਿਸ਼:ਫੌਜੀ ਜਵਾਨ ਦਾ ਝੂਠ ਫੜਿਆ ਗਿਆ

ਕੇਰਲਾ:-ਕੋਲਮ ਇਲਾਕੇ 'ਚ ਅਣਪਛਾਤੇ ਬਦਮਾਸ਼ਾਂ ਵੱਲੋਂ ਹਮਲਾ ਕਰਨ ਦਾ ਦਾਅਵਾ ਕਰਨ ਵਾਲੇ ਫੌਜੀ ਜਵਾਨ ਅਤੇ ਉਸ ਦੀ ਪਿੱਠ 'ਤੇ 'ਪੀਐਫ ਵਾਈ' ਲਿਖਿਆ ਹੋਇਆ ਸੀ, ਨੂੰ ਹੁਣ ਝੂਠੀ ਸ਼ਿਕਾਇਤ ਦਰਜ ਕਰਵਾਉਣ ਦੇ ਦੋਸ਼ 'ਚ ਹਿਰਾਸਤ 'ਚ ਲੈ ਲਿਆ ਗਿਆ ਹੈ। ਹਿੰਦੁਸਤਾਨ ਟਾਈਮਜ਼ ਮੁਤਾਬਕ ਕੋਲਮ (ਦਿਹਾਤੀ) ਦੇ ਵਧੀਕ ਐਸਪੀ ਆਰ. ਪ੍ਰਤਾਪਨ ਨਾਇਰ ਨੇ ਦੱਸਿਆ ਕਿ ਜਵਾਨ ਸ਼ਾਈਨ ਕੁਮਾਰ ਨੇ ਕੜਾੱਕਲ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਸੀ, ਜੋ ਜਾਂਚ ਦੌਰਾਨ ਫਰਜ਼ੀ ਪਾਈ ਗਈ। ਇਸ ਆਧਾਰ 'ਤੇ ਉਸ ਨੂੰ ਅਤੇ ਉਸ ਦੇ ਇਕ ਦੋਸਤ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਰਿਪੋਰਟਾਂ ਅਨੁਸਾਰ ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ ਕਿ ਕੁਮਾਰ ਅਜਿਹੇ ਝੂਠੇ ਬਿਆਨ ਦੇਣ ਲਈ ਕਈ ਕਾਰਨ ਦੱਸ ਰਿਹਾ ਹੈ ਜਿਸ ਦੀ ਪੁਸ਼ਟੀ ਹੋਣੀ ਬਾਕੀ ਹੈ। ਗ੍ਰਿਫਤਾਰ ਕੀਤੇ ਗਏ ਉਸ ਦੇ ਦੋਸਤ ਅਨੁਸਾਰ ਇਹ ਵਾਰਦਾਤ ਇਸ ਲਈ ਕੀਤੀ ਗਈ ਕਿਉਂਕਿ ਕੁਮਾਰ ਮਸ਼ਹੂਰ ਬਣਨਾ ਚਾਹੁੰਦਾ ਸੀ।ਪੀਐਫਆਈ ਮੁਸਲਮਾਨਾ ਦੀ ਸੰਸਥਾ ਹੈ ਜਿਸਨੂੰ ਭਾਰਤ ਵਿੱਚ ਅਤਿਵਾਦੀ ਸੰਗਠਨ ਕਿਹਾ ਜਾਂਦਾ ਹੈ।ਭਾਰਤੀ ਫੌਜੀ ਜਵਾਨ ਦਾ ਇਹ ਕਾਰਾ ਮੁਸਲਮਾਨਾ ਪ੍ਰਤੀ ਨਫਰਾ ਵਧਾਉਂਣ ਵਾਲਾ ਹੈ।

## ਤਾਮਿਲਨਾਡੂ ਵਿਚ ਭਾਜਪਾ ਨੂੰ ਝਟਕਾ ਇੱਕ ਹੋਰ ਪਾਰਟੀ ਨੇ ਮੋਦੀ ਦਾ ਸਾਥ ਛੱਡਿਆ



ਚੇਨਈ:ਲੋਕ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਦੀ ਅਗਵਾਈ ਵਾਲੇ ਨੈਸ਼ਨਲ ਡੈਮੋਕਰੇਟਿਕ ਅਲਾਇੰਸ (ਐੱਨ ਡੀ ਏ) ਨੂੰ ਵੱਡਾ ਝਟਕਾ ਦਿੰਦਿਆਂ ਤਾਮਿਲਨਾਡੂ ਦੀ ਸਾਬਕਾ ਹੁਕਮਰਾਨ ਅੰਨਾ ਡੀ ਐੱਮ ਕੇ ਨੇ ਗੱਠਜੋੜ ਵਿੱਚੋਂ ਨਿਕਲਣ ਦਾ ਐਲਾਨ ਕਰ ਦਿੱਤਾ। ਪਾਰਟੀ ਨੇ ਇਸ ਸੰਬੰਧ ਵਿਚ ਸਰਬਸੰਮਤੀ ਨਾਲ ਮਤਾ ਪਾਸ ਕੀਤਾ।

ਪਾਰਟੀ ਦੇ ਡਿਪਟੀ ਕੋਆਰਡੀਨੇਟਰ ਕੇ ਪੀ ਮੁੰਨੂੰਸਾਮੀ ਨੇ ਫੈਸਲੇ ਦਾ ਐਲਾਨ ਕਰਦਿਆਂ ਕਿਹਾਭਾਜਪਾ ਦੇ ਸੂਬਾਈ ਆਗੂ ਸਾਡੇ ਸਾਬਕਾ ਆਗੂਆਂ, ਸਾਡੇ ਜਨਰਲ ਸਕੱਤਰ ਈ ਪੀ ਐੱਸ ਤੇ ਸਾਡੇ ਕਾਡਰ ਖਿਲਾਫ ਇਕ ਸਾਲ ਤੋਂ ਲਗਾਤਾਰ ਬੇਲੋੜੀ ਬਿਆਨਬਾਜ਼ੀ ਕਰ ਰਹੇ ਹਨ। ਅੰਨਾ ਡੀ ਐੱਮ ਕੇ ਆਪੋਜ਼ੀਸ਼ਨ ਦੇ ਗੱਠਜੋੜ 'ਇੰਡੀਆ' ਦਾ ਹਿੱਸਾ ਨਹੀਂ ਹੈ।

ਉਸ ਨੇ ਕਿਹਾ ਕਿ ਉਹ ਲੋਕ ਸਭਾ ਚੋਣਾਂ ਵਿਚ ਵੱਖਰੇ ਗੱਠਜੋੜ ਦੀ ਅਗਵਾਈ ਕਰੇਗੀ। ਦੋਹਾਂ ਪਾਰਟੀਆਂ ਵਿਚਾਲੇ ਕਈ ਮਹੀਨਿਆਂ ਤੋਂ ਰਿਸ਼ਤੇ ਵਿਗੜਦੇ ਆ ਰਹੇ ਸਨ।

ਤਾਮਿਲਨਾਡੂ ਭਾਜਪਾ ਦੇ ਪ੍ਰਧਾਨ ਅੰਨਾਮਲਾਈ ਅੰਨਾ ਡੀ ਐੱਮ ਕੇ ਦੇ ਆਗੂਆਂ ਵਿਰੁੱਧ ਕਾਫੀ ਚਿਰ ਤੋਂ ਤਵਾ ਲਾਉਂਦੇ ਆ ਰਹੇ ਸਨ ਤੇ ਭਾਜਪਾ ਹਾਈ ਕਮਾਨ ਚੁੱਪ ਰਹੀ, ਜਿਸ ਤੋਂ ਅੰਨਾ ਡੀ ਐੱਮ ਕੇ ਨੂੰ ਲੱਗਿਆ ਕਿ ਹਾਈ ਕਮਾਨ ਅੰਨਾਮਲਾਈ ਦੀ ਪਿੱਠ 'ਤੇ ਹੈ। ਅੰਨਾਮਲਾਈ ਨੇ ਤਾਮਿਲਨਾਡੂ ਦੇ ਪਹਿਲੇ ਮੁੱਖ ਮੰਤਰੀ ਸੀ ਐੱਨ ਅੰਨਾਦੁਰਾਈ ਵਿਰੁੱਧ ਵੀ ਟਿੱਪਣੀਆਂ ਕੀਤੀਆਂ ਸਨ, ਜਿਸ 'ਤੇ ਅੰਨਾ ਡੀ ਐੱਮ ਕੇ ਦੇ ਬੁਲਾਰੇ ਡੀ ਜੈਕੁਮਾਰ ਨੇ ਅੰਨਾਮਲਾਈ ਨੂੰ ਮਾਰੂ ਬਲਾ ਗਰਦਾਨਿਆ ਸੀ।




TRUTH IS THE HIGHEST OF ALL THINGS: HIGHER STILL IS TRUTHFUL LIVING- GURU NANAK DEV JI

AKALI SINGH SIKH SOCIETY

1890- SKEENA STREET, VANCOUVER, B.C., CANADA

PHONE (604) 254-2117, FAX: (604) 254-5309

ਦੇਗ ਤੇਗ ਫਤਿਹ | ਪੰਥ ਕੀ ਜੀਤ

www.akalisinghgurdwara.ca

ਗੁਰੂ ਪਿਆਰੀ ਸਾਧ ਸੰਗਤ ਜੀਓ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰੂ ਘਰ ਦੇ ਸ਼ਰਧਾਲੂ ਭਾਈ ਬਲਦੇਵ ਸਿੰਘ ਤੇ ਬੀਬੀ ਪਰਮਜੀਤ ਕੌਰ ਚੀਮਾ ਵਲੋਂ ਆਪਣੇ ਸਪੁੱਤਰ ਡਾਕਟਰ ਅਮਰਪਾਲ ਸਿੰਘ ਚੀਮਾ 'ਆਰਥੋਪੈਡਿਕ ਸਰਜਨ' ਨੂੰ ਸਰ੍ਹੀ ਮੈਮੋਰੀਅਲ ਹਸਪਤਾਲ ਵਿਚ ਡਾਕਟਰੀ ਸਰਵਿਸ ਮਿਲਣ ਦੀ ਖੁਸ਼ੀ ਵਿਚ ਅਤੇ ਪੋਤੇ ਪੋਤੀਆਂ ਦੀ ਚੜ੍ਹਦੀ ਕਲਾ ਦੀ ਅਰਦਾਸ ਕਰਨ ਹਿਤ ਅਕਾਲੀ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਅਕਾਲੀ ਸਿੰਘ ਸਿੱਖ ਸੁਸਾਇਟੀ, ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਖੇ ਕਰਵਾਏ ਜਾ ਰਹੇ ਹਨ।

ਆਪ ਜੀ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਤਿੰਨੇ ਦਿਨ ਗੁਰੂਘਰ ਪਹੁੰਚ ਕੇ ਹਾਜ਼ਰੀਆਂ ਭਰ ਕੇ ਗੁਰੂਘਰ ਤੋਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਸ੍ਰੀ ਅਖੰਡ ਪਾਠ ਸਾਹਿਬ ਦਾ ਪ੍ਰੋਗਰਾਮ

ਅਰੰਭ ਸ੍ਰੀ ਅਖੰਡ ਪਾਠ ਸਾਹਿਬ - 29 ਸਤੰਬਰ 2023, ਦਿਨ ਸ਼ੁੱਕਰਵਾਰ ਸਵੇਰੇ 10:00 ਵਜੇ

ਭੋਗ ਸ੍ਰੀ ਅਖੰਡ ਪਾਠ ਸਾਹਿਬ- 1 ਅਕਤੂਬਰ 2023, ਦਿਨ ਐਤਵਾਰ ਸਵੇਰੇ 9:30 ਵਜੇ

ਭੋਗ ਉਪਰੰਤ ਗੁਰੂਘਰ ਦੇ ਮਹਾਨ ਕੀਰਤਨੀ ਜਥੇ ਗੁਰਬਾਣੀ ਕੀਰਤਨ ਅਤੇ ਗਿਆਨੀ ਸਾਹਿਬਾਨ ਕਥਾ ਵਿਚਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਾਠ ਦੀ ਸੇਵਾ ਕਰਨ ਵਾਲੇ, ਚੋਬਦਾਰੀ ਦੀ ਸੇਵਾ ਕਰਨ ਵਾਲੇ ਅਤੇ ਲੰਗਰ ਦੀ ਸੇਵਾ ਕਰਨ ਵਾਲੇ ਸੇਵਾਦਾਰਾਂ ਪ੍ਰਤੀ ਬੇਨਤੀ ਹੈ ਕਿ ਸਮੇਂ ਸਿਰ ਗੁਰੂਘਰ ਪਹੁੰਚ ਕੇ ਸੇਵਾ ਵਿਚ ਹੱਥ ਵਟਾ ਕੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਗੁਰੂ ਕਾ ਲੰਗਰ ਤਿੰਨੇ ਦਿਨ ਅਤੁੱਟ ਵਰਤੇਗਾ।

29 ਸਤੰਬਰ, ਦਿਨ ਸ਼ੁੱਕਰਵਾਰ........ਸਵੇਰੇ ਦੋ ਅਨੰਦ ਕਾਰਜ ਹੋਣਗੇ।
29 ਸਤੰਬਰ, ਦਿਨ ਸ਼ੁੱਕਰਵਾਰ........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਕਮਲਜੀਤ ਸਿੰਘ ਤੇ ਪਰਿਵਾਰ ਵਲੋਂ ਹੋਵੇਗੀ।
1 ਅਕਤੂਬਰ, ਦਿਨ ਐਤਵਾਰ.........ਬਾਅਦ ਦੁਪਹਿਰ 1:30 ਵਜੇ ਸਵ. ਬੀਬੀ ਸੁਰਜੀਤ ਕੌਰ ਬਾਂਸਲ ਦੀ ਆਤਮਿਕ ਸ਼ਾਂਤੀ ਲਈ ਅਰੰਭ ਕੀਤੇ ਹੋਏ ਸਹਿਜ ਪਾਠ ਦੇ ਭੋਗ ਪਾਏ ਜਾਣਗੇ।
1 ਅਕਤੂਬਰ, ਦਿਨ ਐਤਵਾਰ.........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਨਛੱਤਰ ਸਿੰਘ ਗਿੱਲ ਅਤੇ ਪਰਿਵਾਰ ਵਲੋਂ ਹੋਵੇਗੀ।
6 ਅਕਤੂਬਰ, ਦਿਨ ਸ਼ੁੱਕਰਵਾਰ........ਸਵੇਰ ਨੂੰ ਅਨੰਦ ਕਾਰਜ ਹੋਵੇਗਾ।
7 ਅਕਤੂਬਰ, ਦਿਨ ਸ਼ਨਿੱਚਰਵਾਰ.....ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
7 ਅਕਤੂਬਰ, ਦਿਨ ਸ਼ਨਿੱਚਰਵਾਰ.....ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਸਤਨਾਮ ਸਿੰਘ ਜੌਹਲ ਅਤੇ ਪਰਿਵਾਰ ਵਲੋਂ ਹੋਵੇਗੀ।
7 ਅਕਤੂਬਰ, ਦਿਨ ਸ਼ਨਿੱਚਰਵਾਰ.....ਸ਼ਾਮ ਨੂੰ 6:30 ਵਜੇ ਜ਼ਫਰਨਾਮਾ ਨਾਟਕੀ ਢੰਗ ਦੁਆਰਾ ਦਿਖਾਇਆ ਜਾਵੇਗਾ।
8 ਅਕਤੂਬਰ, ਦਿਨ ਐਤਵਾਰ.........ਸਵੇਰੇ 12:30 ਵਜੇ ਸੀਨੀਅਰ ਸੈਂਟਰ ਦਾ ਉਦਘਾਟਨ ਕੀਤਾ ਜਾਵੇਗਾ।
8 ਅਕਤੂਬਰ, ਦਿਨ ਐਤਵਾਰ.........ਸਵੇਰ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਬੀਬੀ ਮਨਜੀਤ ਕੌਰ ਮਨਹਾਸ ਅਤੇ ਪਰਿਵਾਰ ਵਲੋਂ ਹੋਵੇਗੀ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।

ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 7:30 ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 11:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ : 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ    ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਜੋਤੀ ਜੋਤਿ ਦਿਵਸ ਗੁਰੂ ਨਾਨਕ ਸਾਹਿਬ ਜੀ 8 ਅੱਸੂ ਬਨਾਮ ਅੱਸੂ ਵਦੀ 10

ਗੁਰੂ ਨਾਨਕ ਸਾਹਿਬ ਜੀ ਦੀ ਜਨਮ ਤਾਰੀਖ ਬਾਰੇ ਹੀ ਨਹੀਂ, ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ ਬਾਰੇ ਵੀ ਵਿਦਵਾਨਾਂ ਵਿੱਚ ਮੱਤ ਭੇਦ ਹਨ। ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀਆਂ ਵੀ ਦੋ ਤਾਰੀਖਾਂ ਮਿਲਦੀਆਂ ਹਨ। ਅੱਸੂ ਵਦੀ 10 ਅਤੇ ਅੱਸੂ ਸੁਦੀ 10, ਸੰਮਤ 1596 ਬਿਕ੍ਰਮੀ। ਅੱਸੂ ਵਦੀ 10 ਵਾਲੇ ਦਿਨ ਦਾ ਜੇ ਪ੍ਰਵਿਸ਼ਟਾ (ਸੰਗਰਾਂਦੀ ਤਾਰੀਖ) ਵੇਖੀਏ ਤਾਂ ਇਹ 8 ਅੱਸੂ ਦਿਨ ਐਤਵਾਰ ਸੀ। ਜਦੋਂ ਇਸ ਨੂੰ ਅੰਗਰੇਜੀ ਕੈਲੰਡਰ ਵਿੱਚ ਲਿਖਿਆ ਗਿਆ ਤਾਂ ਇਹ 7 ਸਤੰਬਰ 1539 ਈ: (ਜੂਲੀਅਨ) ਲਿਖੀ ਗਈ। ਅੱਸੂ ਸੁਦੀ 10 ਵਾਲੇ ਦਿਨ 23 ਅੱਸੂ ਦਿਨ ਸੋਮਵਾਰ ਅਤੇ 22 ਸਤੰਬਰ (ਜੂਲੀਅਨ) ਸੀ। ਇਨ੍ਹਾਂ ਦੋਵਾਂ ਤਾਰੀਖਾਂ ਵਿੱਚ 15 ਦਿਨਾਂ ਦਾ ਫ਼ਰਕ ਹੈ।ਬਿਕ੍ਰਮੀ ਕੈਲੰਡਰ ਦੀਆਂ ਤਾਰੀਖਾਂ ਬਾਰੇ ਇਹ ਮੰਨਿਆ ਜਾਂਦਾ ਹੈ ਕਿ ਜੇ ਕਿਸੇ ਇਕ ਦਿਹਾੜੇ ਦੀ ਤਾਰੀਖ ਵਿੱਚ 15 ਦਿਨ੍ਹਾਂ ਦਾ ਫ਼ਰਕ ਹੋਵੇ ਤਾਂ ਇਹ ਵਦੀ-ਸੁਦੀ ਦਾ ਭੁਲੇਖਾ ਹੋ ਸਕਦਾ ਹੈ। ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਅਸਲ ਤਾਰੀਖ ਅੱਸੂ ਵਦੀ 10 ਨੂੰ ਕਿਸੇ ਇਕ ਲਿਖਾਰੀ ਨੇ ਭੁਲੇਖੇ ਨਾਲ ਅੱਸੂ ਸੁਦੀ 10 ਲਿਖ ਦਿੱਤਾ ਤਾਂ ਪਿਛੋਂ ਲਿਖਣ ਵਾਲੇ ਲਿਖਾਰੀਆਂ ਨੇ ਬਿਨਾ ਸੋਚੇ-ਸਮਝੇ ਇਹ ਤਾਰੀਖ ਪ੍ਰਚੱਲਤ ਕਰ ਦਿੱਤੀ। ਜਦੋਂ ਬਿਕ੍ਰਮੀ ਕੈਲੰਡਰ ਦੀਆਂ ਤਾਰੀਖਾਂ ਨੂੰ ਅੰਗਰੇਜੀ ਤਾਰੀਖਾਂ ਵਿੱਚ ਲਿਖਣ ਦਾ ਰਿਵਾਜ ਪਿਆ ਤਾਂ ਤਾਰੀਖਾਂ ਬਦਲੀ ਕਰਨ ਵੇਲੇ ਲਿਖਾਰੀਆਂ ਤੋਂ ਜਾਣੇ-ਅਣਜਾਣੇ ਹੋਰ ਗਲਤੀਆਂ ਹੋ ਗਈਆਂ।

ਡਾ. ਹਰਜਿੰਦਰ ਸਿੰਘ ਦਿਲਗੀਰ ਵੀ ਇਸ ਭੁਲੇਖੇ ਦਾ ਸ਼ਿਕਾਰ ਹੋ ਗਿਆ। "22 ਸਤੰਬਰ 1539 ਦੇ ਦਿਨ ਗੁਰੂ ਨਾਨਕ ਸਾਹਿਬ ਕਰਤਾਰਪੁਰ ਵਿੱਚ ਜੋਤੀ ਜੋਤ ਸਮਾ ਗਏ" (ਸਿੱਖ ਤਵਾਰੀਖ਼ ਪਹਿਲਾ ਹਿੱਸਾ 1469 ਤੋਂ 1708, ਪੰਨਾ 177 ) 22 ਸਤੰਬਰ ਮੁਤਾਬਕ ਇਹ ਅੱਸੂ ਸੁਦੀ 10 ਬਣਦੀ ਹੈ। ਡਾ ਸੁਖਦਿਆਲ ਸਿੰਘ ਨੇ ਅੱਸੂ ਵਦੀ 10 ਤਾਂ ਠੀਕ ਲਿਖੀ ਹੈ ਪਰ ਅੰਗਰੇਜੀ ਤਾਰੀਖ ਲਿਖਣ ਵੇਲੇ ਗਲਤੀ ਕਰ ਗਏ। "ਅੱਸੂ ਵਦੀ ਦਸਮੀ ਸੰਮਤ 1596 ਬਿ: ਮੁਤਾਬਕ 22 ਸਤੰਬਰ, 1539 ਈ: ਵਿਚ ਜੋਤੀ ਜੋਤ ਸਮਾ ਗਏ", (ਪੰਜਾਬ ਦਾ ਇਤਿਹਾਸ, ਗੁਰ ਕਾਲ 1469-1708, ਪੰਨਾ 48)। ਅੱਸੂ ਵਦੀ 10 ਮੁਤਾਬਕ ਤਾਂ 7 ਸਤੰਬਰ (ਜੂਲੀਅਨ) ਬਣਦੀ ਹੈ। 'ਗੁਰਬਾਣੀ ਪਾਠ ਦਰਪਣ' ਵਿੱਚ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ, "1596 ਬਿ: ਅੱਸੂ ਵਦੀ ਦਸਮੀ, ਸ੍ਰੀ ਕਰਤਾਰਪੁਰ ਸਾਹਿਬ, 10 ਅਕਤੂਬਰ 1596 ਈ:" ਦਰਜ ਹੈ। (ਪੰਨਾ 11) ਇਥੇ ਵੀ ਅੱਸੂ ਵਦੀ ਦਸਮੀ ਤਾਂ ਠੀਕ ਹੈ ਪਰ ਅੰਗਰੇਜੀ ਤਾਰੀਖ 10 ਅਕਤੂਬਰ ਗਲਤ ਹੈ। 10 ਅਕਤੂਬਰ ਨੂੰ ਤਾਂ ਕੱਤਕ ਵਦੀ ਚੌਦਸ ਸੀ। ਹੱਥ ਲਿਖਤ ਬੀੜਾ ਵਿੱਚ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖ ਅੱਸੂ ਵਦੀ 10 ਸੰਮਤ 1596 ਬਿ: ਦਰਜ ਹੈ। ਇਹ ਹੀ ਪ੍ਰਮਾਣਿਕ ਤਾਰੀਖ ਹੈ।

| ਸੰਮਤ | ਈ: ਸੰਨ | ਵਦੀ-ਸੁਦੀ ਮੁਤਾਬਕ | ਪ੍ਰਵਿਸ਼ਟਾ |
|---|---|---|---|
| 546 | 2014-15 | 2 ਅੱਸੂ | 8 ਅੱਸੂ |
| 547 | 2015-16 | 21 ਅੱਸੂ | 8 ਅੱਸੂ |
| 548 | 2016-17 | 10 ਅੱਸੂ | 8 ਅੱਸੂ |
| 549 | 2017-18 | 31 ਭਾਦੋਂ | 8 ਅੱਸੂ |
| 550 | 2018-19 | 18 ਅੱਸੂ | 8 ਅੱਸੂ |
| 551 | 2019-20 | 8 ਅੱਸੂ | 8 ਅੱਸੂ |
| 552 | 2020-21 | 28 ਅੱਸੂ | 8 ਅੱਸੂ |
| 553 | 2021-22 | 16 ਅੱਸੂ | 8 ਅੱਸੂ |
| 554 | 2022-23 | 4 ਅੱਸੂ | 8 ਅੱਸੂ |
| 555 | 2023-24 | 23 ਅੱਸੂ | 8 ਅੱਸੂ |

ਗੁਰੂ ਕਾਲ ਵੇਲੇ ਆਪਣੇ ਦੇਸ਼ ਵਿੱਚ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਸੂਰਜੀ ਸਿਧਾਂਤ) ਪ੍ਰਚੱਲਤ ਸੀ। ਇਸ ਕੈਲੰਡਰ ਵਿੱਚ ਦੋਵੇਂ ਤਰ੍ਹਾਂ ਹੀ (ਵਦੀ-ਸੁਦੀ ਅਤੇ ਪ੍ਰਵਿਸ਼ਟੇ) ਤਾਰੀਖਾਂ ਲਿਖੀਆਂ ਜਾਂਦੀਆਂ ਸਨ। ਜਿਵੇ ਚੰਦ ਦੇ ਕੈਲੰਡਰ ਮੁਤਾਬਕ ਗੁਰੂ ਨਾਨਕ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਦੀ ਤਾਰੀਖਾਂ ਅੱਸੂ ਵਦੀ 10 ਅਤੇ ਸੂਰਜੀ ਕੈਲੰਡਰ ਮੁਤਾਬਕ ਖਾਲਸਾ ਸਾਜਨਾ ਦਿਵਸ 1 ਵੈਸਾਖ। ਹੁਣ ਜੇ ਇਨ੍ਹਾਂ ਦੋਵਾਂ ਤਾਰੀਖ ਨੂੰ, ਦੋਵਾਂ ਵਿਧੀਆਂ ਨਾਲ ਲਿਖੀਏ ਤਾਂ ਇਹ 8 ਅੱਸੂ/ ਅੱਸੂ ਵਦੀ 10 ਅਤੇ 1 ਵੈਸਾਖ/ ਚੇਤ ਸੁਦੀ 9, ਲਿਖੀਆਂ ਜਾਣਗੀਆਂ ।

ਅੱਸੂ ਵਦੀ 10 ਚੰਦ ਦੇ ਕੈਲੰਡਰ ਦੀ ਤਾਰੀਖ ਹੈ। ਚੰਦ ਦੇ ਕੈਲੰਡਰ ਮੁਤਾਬਕ ਸਾਲ ਵਿੱਚ 354.37 ਦਿਨ ਹੁੰਦੇ ਹਨ। ਦੂਜੇ ਪਾਸੇ ਸਾਲ ਦੀ ਪ੍ਰੀਭਾਸ਼ਾ, ਧਰਤੀ ਦਾ ਸੂਰਜ ਦੁਵਾਲੇ ਇਕ ਚੱਕਰ ਹੈ ਨਾਕਿ ਚੰਦ ਦੇ ਧਰਤੀ ਦੁਵਾਲੇ 12 ਚੱਕਰ। ਧਰਤੀ ਸੂਰਜ ਦੁਵਾਲੇ ਇਕ ਚੱਕਰ 365.2422 ਦਿਨਾਂ ਵਿੱਚ ਪੂਰਾ ਕਰਦੀ ਹੈ। ਇਥੋਂ ਇਹ ਸਪੱਸ਼ਟ ਹੋ ਗਿਆ ਹੈ ਕਿ ਚੰਦ ਦਾ ਸਾਲ ਸੂਰਜੀ ਸਾਲ ਤੋਂ 11 ਦਿਨ ਛੋਟਾ ਹੈ। ਇਹ ਹੈ ਸਾਡੀ ਸਮੱਸਿਆ ਦੀ ਅਸਲ ਜੜ੍ਹ।

ਹੁਣ ਜਦੋਂ ਅਸੀਂ ਗੁਰੂ ਨਾਨਕ ਸਾਹਿਬ ਜੀ ਦਾ ਜੋਤੀ ਜੋਤ ਸਮਾਉਣ ਦਾ ਦਿਹਾੜਾ ਚੰਦ ਦੇ ਕੈਲੰਡਰ ਮੁਤਾਬਕ, ਅੱਸੂ ਵਦੀ 10 ਨੂੰ ਮਨਾਉਂਦੇ ਹਾਂ ਤਾਂ ਇਹ ਹਰ ਸਾਲ ਪਿਛਲੇ ਸਾਲ ਤੋਂ ਆਮ ਤੌਰ ਤੇ 11 ਦਿਨ ਪਹਿਲਾ ਆ ਜਾਂਦਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਕੈਲੰਡਰਾਂ ਨੂੰ ਧਿਆਨ ਵਾਲ ਵੇਖੋ। ਸੰਮਤ 553 ਨਾਨਕਸ਼ਾਹੀ (2021-22 ਈ:) ਵਿੱਚ ਇਹ ਦਿਹਾੜਾ 16 ਅੱਸੂ ਦਾ ਦਰਜ ਸੀ। ਸੰਮਤ 554 ਨਾਨਕਸ਼ਾਹੀ (2022-23 ਈ:) ਵਿੱਚ ਇਹ ਦਿਹਾੜਾ 4 ਅੱਸੂ ਦਾ ਦਰਜ ਸੀ। ਇਸ ਹਿਸਾਬ ਨਾਲ ਤਾਂ, ਇਸ ਸਾਲ ਭਾਵ ਸੰਮਤ 555 ਨਾਨਕਸ਼ਾਹੀ (2023-24 ਈ:) 24 ਭਾਦੋਂ ਦਾ ਦਰਜ ਹੋਣਾ ਚਾਹੀਦਾ ਸੀ ਪਰ ਨਹੀਂ, ਇਸ ਸਾਲ ਇਹ ਦਿਹਾੜਾ 23 ਅੱਸੂ ਦਾ ਦਰਜ ਹੈ ।ਅਜੇਹਾ ਕਿਉਂ?

ਇਸ ਦਾ ਕਾਰਨ ਇਹ ਹੈ ਕਿ ਜਦੋਂ ਚੰਦ ਦਾ ਸਾਲ ਸੂਰਜੀ ਸਾਲ ਨਾਲੋਂ ਇਕ ਸਾਲ ਵਿਚ 11 ਦਿਨ, ਦੋ ਸਾਲਾਂ ਵਿੱਚ 22 ਦਿਨ ਪਿਛੇ ਰਹਿ ਜਾਵੇ ਤਾਂ ਇਸ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ ਇਸ ਵਿਚ ਇਕ ਮਹੀਨਾ ਹੋਰ ਜੋੜ ਦਿੱਤਾ ਜਾਂਦਾ ਹੈ

ਅਤੇ ਚੰਦ ਦੇ ਸਾਲ ਦੇ 13 ਮਹੀਨੇ ਅਤੇ 384-85 ਦਿਨ ਹੁੰਦੇ ਹਨ। ਇਸ ਸਾਲ ਭਾਵ ਸੰਮਤ 2080 ਬਿਕ੍ਰਮੀ (2023-24 ਈ:) ਵਿੱਚ ਚੰਦ ਦੇ ਸਾਲ ਦੇ 13 ਮਹੀਨੇ ਹਨ । ਸਾਵਣ ਦਾ ਮਹੀਨਾ ਦੋ ਵਾਰ ਆਇਆ ਹੈ। ਇਹ ਤੇਰਵਾਂ ਮਹੀਨਾ ਜਿਸ ਨੂੰ ਲੌਂਦ ਦਾ ਮਹੀਨਾ ਜਾਂ ਮਲ ਮਾਸ ਕਿਹਾ ਜਾਂਦਾ ਹੈ। ਹਿੰਦੂ ਮਤ ਅਨੁਸਾਰ ਇਹ ਮਹੀਨਾ ਮਾੜਾ ਹੁੰਦਾ ਹੈ। ਇਸ ਵਿੱਚ ਕੋਈ ਸ਼ੁੱਭ ਕੰਮ ਨਹੀਂ ਕੀਤਾ ਜਾਂਦਾ। ਮਲ ਮਾਸ ਤੋਂ ਪਿਛੋਂ ਆਉਣ ਵਾਲੇ ਦਿਨ ਤਿਉਹਾਰ, ਪਿਛਲੇ ਸਾਲ ਨਾਲੋਂ 11 ਦਿਨ ਪਹਿਲਾ ਆਉਣ ਦੀ ਬਿਜਾਏ 18/19 ਦਿਨ ਪੱਛੜ ਕੇ ਆਉਂਦੇ ਹਨ। ਸ਼੍ਰੋਮਣੀ ਕਮੇਟੀ ਦੇ ਕੈਲੰਡਰ ਮੁਤਾਬਕ ਜਿਹੜਾ ਦਿਹਾੜਾ, ਇਸ ਸਾਲ ਭਾਵ ਸੰਮਤ 555 ਨਾਨਕਸ਼ਾਹੀ (2023-24 ਈ:) 24 ਭਾਦੋਂ ਦਾ ਦਰਜ ਹੋਣਾ ਚਾਹੀਦਾ ਸੀ ਉਹ ਦਿਹਾੜਾ 23 ਅੱਸੂ ਦਾ ਦਰਜ ਹੈ।

ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਕੈਲੰਡਰ ਤਾਂ ਸੂਰਜੀ ਬਿਕ੍ਰਮੀ (ਦ੍ਰਿਕ ਗਿਣਤ ਸਿਧਾਂਤ) ਛਾਪਦੀ ਹੈ, ਪਰ ਕੁਝ ਦਿਹਾੜੇ ਵਦੀ-ਸੁਦੀ ਭਾਵ ਚੰਦ ਦੇ ਕੈਲੰਡਰ ਮੁਤਾਬਕ ਨਿਰਧਾਰਤ ਕਰਦੀ ਹੈ। ਇਸ ਕਾਰਨ ਹਰ ਸਾਲ ਉਨ੍ਹਾਂ ਦਿਹਾੜਿਆਂ ਦਾ ਪ੍ਰਵਿਸ਼ਟਾ ਬਦਲ ਜਾਂਦਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਜਿਹੜੇ ਦਿਹਾੜੇ ਸੂਰਜੀ ਕੈਲੰਡਰ ਮੁਤਾਬਕ ਮਨਾਏ ਜਾਂਦੇ ਹਨ ਉਨ੍ਹਾਂ ਦਾ ਪ੍ਰਵਿਸ਼ਟਾ ਹਰ ਸਾਲ ਉਹੀ ਰਹਿੰਦਾ ਹੈ। ਜਿਵੇਂ ਵੈਸਾਖੀ ਹਰ ਸਾਲ ਇਕ ਵੈਸਾਖ ਦੀ ਹੀ ਦਰਜ ਹੁੰਦੀ ਹੈ। ਵੱਡੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 8 ਪੋਹ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ 13 ਪੋਹ ਆਦਿ। ਜੇ ਗੁਰੂ ਨਾਨਕ ਜੀ ਦਾ ਜੋਤੀ ਜੋਤ ਦਿਹਾੜਾ ਵੀ ਪ੍ਰਵਿਸ਼ਟਿਆਂ ਮੁਤਾਬਕ ਹੀ ਮਨਾਇਆ ਜਾਵੇ ਤਾਂ ਇਹ ਹਰ ਸਾਲ 8 ਅੱਸੂ ਨੂੰ ਹੀ ਆਵੇਗਾ। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਗੁਰੂ ਨਾਨਕ ਸਾਹਿਬ ਜੀ ਦਾ ਜੋਤੀ ਜੋਤ ਦਿਵਸ ਹਰ ਸਾਲ 8 ਅੱਸੂ ਨੂੰ ਕਿਉਂ ਨਹੀਂ ਮਨਾਇਆ ਜਾਂਦਾ? ਇਹ ਦਿਹਾੜਾ ਜਾਂ ਹੋਰ ਦਿਹਾੜੇ ਜੋ ਚੰਦ ਦੇ ਕੈਲੰਡਰ ਮੁਤਾਬਕ ਹਰ ਸਾਲ ਬਦਲਵੇਂ ਪ੍ਰਵਿਸ਼ਟੇ ਨੂੰ ਮਨਾਏ ਜਾਂਦੇ ਹਨ, ਉਹ ਸਾਰੇ ਦਿਹਾੜੇ ਹਰ ਸਾਲ ਸੂਰਜੀ ਕੈਲੰਡਰ ਮੁਤਾਬਕ ਮਨਾਉਣ ਨਾਲ ਗੁਰਮਤਿ ਦੇ ਕਿਹੜੇ ਸਿਧਾਂਤ ਦੀ ਅਵੱਗਿਆ ਹੁੰਦੀ ਹੈ?

"ਅਨੇਕਾਂ ਸਿਆਣੇ ਸੱਜਣਾਂ ਦਾ ਵਿਚਾਰ ਹੈ ਕਿ ਗੁਰਪੁਰਬ ਸਾਰੇ ਸੂਰਜ-ਸੰਮਤ ਵਿੱਚ, ਪ੍ਰਵਿਸ਼ਟਿਆਂ ਦੇ ਅਧਾਰ ਪੁਰ ਮਨਾਏ ਜਾਣੇ ਚਾਹੀਦੇ ਹਨ। ਸੋ, ਸਾਰੀਆਂ ਮੁਖੀ-ਸੋਸਾਇਟੀਆਂ ਨੂੰ ਇਸ ਮਸਲੇ 'ਤੇ ਪੂਰੇ ਗਹੁ ਨਾਲ ਵਿਚਾਰ ਕਰਕੇ, ਦੋ-ਟੂਕ ਫੈਸਲਾ ਕਰਨਾ ਚਾਹੀਦਾ ਹੈ; ਤਾਂ ਜੋ ਅੱਗੋਂ ਲਈ ਝਗੜੇ-ਝਮੇਲੇ ਮਿਟ ਜਾਣ, ਤੇ ਸਹੀ-ਸਿੱਧੀ ਤੇ ਸੋਖੀ ਪ੍ਰਪਾਟੀ ਪੈ ਜਾਵੇ।" (ਗੁਰ-ਪ੍ਰਣਾਲੀਆਂ, ਸ਼੍ਰੋਮਣੀ ਗੁ: ਪ੍ਰ: ਕਮੇਟੀ, ਪੰਨਾ 279)



**ਸਰਵਜੀਤ ਸਿੰਘ ਸੈਕਰਾਮੈਂਟੋ**


## ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ

www.singhsabhasurrey.com

8115, 132 ਸਟਰੀਟ, ਸਰੀ, ਬੀ.ਸੀ. V3W 4N5

**ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ**

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

**ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ**
ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

## ਇਸ ਹਫਤੇ ਦੇ ਪ੍ਰੋਗਰਾਮ



ਇਸ ਹਫ਼ਤੇ ਗੁਰਦੁਆਰਾ ਸਾਹਿਬ ਵਿਖੇ ਪ੍ਰੋ. ਗੁਰਮੁਖ ਸਿੰਘ ਜੀ ਦਾ ਜਨਮ ਦਿਹਾੜਾ ਮਨਾਇਆ ਜਾਵੇਗਾ ਅਤੇ 3 ਅਖੰਡਪਾਠ ਸਾਹਿਬ ਦੀ ਸੇਵਾ ਹੋ ਰਹੀ ਹੈ: 1. ਨਗਰ ਢਪਈ ਜ਼ਿਲ੍ਹਾ ਕਪੂਰਥਲਾ ਦੀ ਸੰਗਤ ਵੱਲੋਂ 2. ਭਾਈ ਕੁਲਬੀਰ ਸਿੰਘ ਸੰਧੂ ਪਰਿਵਾਰ ਵੱਲੋਂ ਆਪਣੇ ਬੇਟੇ ਦੇ 8ਵੇਂ ਜਨਮ ਦਿਨ ਦੀ ਖੁਸ਼ੀ ਵਿਚ 3. ਭਾਈ ਤਲਵਿੰਦਰ ਸਿੰਘ ਪਰਿਵਾਰ ਵੱਲੋਂ ਆਪਣੇ ਬੱਚਿਆਂ ਦੇ ਜਨਮ ਦਿਨ ਦੀ ਖੁਸ਼ੀ ਵਿਚ
ਇਹ ਤਿੰਨੇ ਅਖੰਡਪਾਠ ਸਾਹਿਬ 29 ਸਤੰਬਰ ਦਿਨ ਸ਼ੁੱਕਰਵਾਰ ਸਵੇਰੇ 9.30 ਵਜੇ ਆਰੰਭ ਹੋਣਗੇ ਅਤੇ ਭੋਗ 1 ਅਕਤੂਬਰ ਦਿਨ ਐਤਵਾਰ ਸਵੇਰੇ 9.30 ਵਜੇ ਪਾਏ ਜਾਣਗੇ। ਉਪਰੰਤ ਖੁੱਲ੍ਹੇ ਦੀਵਾਨ ਸਜਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।
*29 ਸਤੰਬਰ ਦਿਨ ਸ਼ੁੱਕਰਵਾਰ ਸਵ. ਬੀਬੀ ਸ਼ਾਰਦ ਕੌਰ ਚੇੜਾ ਦਾ 10 ਵਜੇ ਸਵੇਰੇ ਅੰਤਮ ਸਸਕਾਰ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਹੋਵੇਗਾ। ਉਪਰੰਤ ਉਹਨਾਂ ਨਮਿਤ ਗੁਰੂਘਰ ਰਖਾਏ ਗਏ ਸਹਿਜਪਾਠ ਦੇ ਭੋਗ ਤੇ ਅੰਤਮ ਅਰਦਾਸ ਸਵੇਰੇ 11.30 ਵਜੇ ਹੋਵੇਗੀ।
*29 ਸਤੰਬਰ ਦਿਨ ਸ਼ੁੱਕਰਵਾਰ ਸਵ. ਬੀਬੀ ਰੇਸ਼ਮ ਕੌਰ ਫੰਗੂੜਾ ਦਾ ਅੰਤਮ ਸਸਕਾਰ ਰਿਵਰ ਸਾਈਡ ਫਿਊਨਰਲ ਹੋਮ ਡੈਲਟਾ ਵਿਖੇ ਦੁਪਹਿਰ 12.30 ਵਜੇ ਹੋਵੇਗਾ। ਉਪਰੰਤ ਉਹਨਾਂ ਨਮਿਤ ਗੁਰੂਘਰ ਰਖਾਏ ਗਏ ਸਹਿਜਪਾਠ ਦੇ ਭੋਗ ਤੇ ਅੰਤਮ ਅਰਦਾਸ ਬਾਦ ਦੁਪਹਿਰ 2 ਵਜੇ ਹੋਵੇਗੀ।
*29 ਸਤੰਬਰ ਦਿਨ ਸ਼ੁੱਕਰਵਾਰ ਸ਼ਾਮ 7 ਵਜੇ ਜ਼ਫਰਨਾਮਾ ਨਾਟਕ ਦੁਆਰਾ ਪੇਸ਼ ਕੀਤਾ ਜਾਵੇਗਾ।
*1 ਅਕਤੂਬਰ ਦਿਨ ਐਤਵਾਰ ਸਵੇਰ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ ਬੀਬੀ ਬਲਵਿੰਦਰ ਕੌਰ ਥਾਂਦੀ ਪਰਿਵਾਰ ਵੱਲੋਂ ਹੋਵੇਗੀ।
*1 ਅਕਤੂਬਰ ਦਿਨ ਐਤਵਾਰ ਸ਼ਾਮ ਦੇ ਕੀਰਤਨ ਅਤੇ ਲੰਗਰਾਂ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ:
1. ਭਾਈ ਦਿਲਰਾਜ ਸਿੰਘ ਪਰਿਵਾਰ ਵੱਲੋਂ 2. ਭਾਈ ਸੋਹਣ ਸਿੰਘ ਰੰਧਾਵਾ ਪਰਿਵਾਰ ਵੱਲੋਂ ਆਪਣੇ ਪੋਤਰੇ ਦੇ ਜਨਮ ਦਿਨ ਦੀ ਖੁਸ਼ੀ ਵਿਚ

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਰਾਗੀ ਜਥੇ:ਭਾਈ ਬਲਦੇਵ ਸਿੰਘ ਜਲੰਧਰ ਵਾਲਿਆਂ ਦਾ ਜਥਾ, ਭਾਈ ਅਸ਼ੋਕ ਸਿੰਘ ਦਿੱਲੀ ਵਾਲੇ, ਕਥਾਵਾਚਕ:ਭਾਈ ਜਸਵਿੰਦਰ ਸਿੰਘ ਬਡਰੁੱਖਾਂ ਢਾਡੀ ਜਥਾ:ਭਾਈ ਵਰਿੰਦਰ ਸਿੰਘ ਵਾਰਿਸ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 604-590-3224**

# ਮੋਦੀ ਹਕੂਮਤ ਤੇ ਮਨੁੱਖੀ ਅਧਿਕਾਰ:ਮੋਦੀ ਸਰਕਾਰ ਸੰਸਾਰ ਦੇ ਅਮਨ ਲਈ ਖਤਰਾ

ਭਾਰਤ ਵਿੱਚ ਘੱਟ-ਗਿਣਤੀਆਂ ਵਿਰੁੱਧ ਸਰਕਾਰ ਦੀ ਸ਼ਹਿ ਹੇਠ ਹਮਲਿਆਂ ਦਾ ਸਿਲਸਿਲਾ ਤਾਂ ਮੋਦੀ ਹਕੂਮਤ ਆਉਣ ਤੋਂ ਬਾਅਦ ਹੀ ਸ਼ੁਰੂ ਹੋ ਗਿਆ ਸੀ, ਪਰ ਇਸ ਵੇਲੇ ਜੋ ਮਨੀਪੁਰ ਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਵਾਪਰ ਰਿਹਾ ਹੈ, ਉਹ ਇਸ ਵਰਤਾਰੇ ਦੀ ਸਿਖਰ ਹੈ। ਇਸ ਦੌਰਾਨ ਕੌਮਾਂਤਰੀ ਪੱਧਰ ਦੀਆਂ ਮਨੁੱਖੀ ਅਧਿਕਾਰ ਸੰਸਥਾਵਾਂ ਨੇ ਇਸ ਅਣਮਨੁੱਖੀ ਵਰਤਾਰੇ ਸੰਬੰਧੀ ਆਵਾਜ਼ ਚੁੱਕਣੀ ਸ਼ੁਰੂ ਕਰ ਦਿੱਤੀ ਹੈ।ਅਮਰੀਕਾ ਦੇ ਅੰਤਰ-ਰਾਸ਼ਟਰੀ ਧਾਰਮਿਕ ਸੁਤੰਤਰਤਾ ਕਮਿਸ਼ਨ ਨੇ 21 ਸਤੰਬਰ ਨੂੰ ਇਸ ਮਸਲੇ ਉੱਤੇ ਵਿਚਾਰ-ਵਟਾਂਦਰਾ ਕੀਤਾ ਸੀ। ਇਹ ਲਗਾਤਾਰ ਚੌਥਾ ਸਾਲ ਹੈ, ਜਦੋਂ ਇਸ ਕਮਿਸ਼ਨ ਨੇ ਅਮਰੀਕੀ ਸਰਕਾਰ ਨੂੰ ਮਨੁੱਖੀ ਅਧਿਕਾਰਾਂ ਤੇ ਧਾਰਮਿਕ ਸੁਤੰਤਰਤਾ ਦੀ ਉਲੰਘਣਾ ਲਈ ਭਾਰਤ ਨੂੰ ਵਿਸ਼ੇਸ਼ ਚਿੰਤਾ ਵਾਲੇ ਦੇਸ਼ਾਂ ਦੀ ਸੂਚੀ ਵਿੱਚ ਪਾਉਣ ਦੀ ਸਿਫ਼ਾਰਸ਼ ਕੀਤੀ ਹੈ।ਇਸ ਮੀਟਿੰਗ ਵਿੱਚ ਕਮਿਸ਼ਨ ਦੇ ਕਮਿਸ਼ਨਰਾਂ ਵੱਲੋਂ ਮਨੁੱਖੀ ਅਧਿਕਾਰਾਂ ਸੰਬੰਧੀ ਮਾਹਰਾਂ ਤੇ ਸਮਾਜਿਕ ਕਾਰਕੁਨਾਂ ਦਾ ਪੱਖ ਸੁਣਨ ਤੋਂ ਬਾਅਦ ਕਮਿਸ਼ਨਰ ਡੇਵਿਡ ਕਰੀ ਨੇ ਕਿਹਾ, ''ਸਾਨੂੰ ਵਿਸ਼ਵਾਸ ਹੋ ਗਿਆ ਹੈ ਕਿ ਕਿਸੇ ਵੀ ਲੋਕਤੰਤਰਿਕ ਸਰਕਾਰ ਵੱਲੋਂ ਧਾਰਮਿਕ ਘੱਟ-ਗਿਣਤੀਆਂ ਦਾ ਸਭ ਤੋਂ ਵੱਧ ਉਤਪੀੜਨ ਭਾਰਤ ਵਿੱਚ ਹੋ ਰਿਹਾ ਹੈ।'' ਕਮਿਸ਼ਨ ਦੇ ਚੇਅਰਮੈਨ ਰੱਬੀ ਇਬਰਾਹੀਮ ਕੂਪਰ ਨੇ ਕਿਹਾ, ''ਭਾਰਤ ਵਿੱਚ ਧਾਰਮਿਕ ਸੁਤੰਤਰਤਾ ਦੀ ਹਾਲਤ ਵਿੱਚ ਗਿਰਾਵਟ ਆਈ ਹੈ। ਮੁਸਲਮਾਨਾਂ, ਸਿੱਖਾਂ, ਈਸਾਈਆਂ, ਦਲਿਤਾਂ ਤੇ ਆਦਿਵਾਸੀਆਂ ਉੱਤੇ ਹਮਲਿਆਂ ਤੇ ਡਰਾਉਣ ਦੀਆਂ ਘਟਨਾਵਾਂ ਵਿੱਚ ਵਾਧਾ ਹੋ ਰਿਹਾ ਹੈ। ਇਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਣਾ ਚਾਹੀਦਾ।'' ਕਮਿਸ਼ਨ ਦੇ ਉਪ ਚੇਅਰਮੈਨ ਫਰੈਡਰਿਕ ਡੇਵੀ ਨੇ ਕਿਹਾ, ''ਸਾਡੇ ਧਿਆਨ ਵਿੱਚ ਹੈ ਕਿ ਭਾਰਤ ਦੇ ਕਈ ਰਾਜਾਂ ਵਿੱਚ ਧਰਮ ਤਬਦੀਲੀ, ਧਾਰਮਿਕ ਪੁਸ਼ਾਕ, ਸਿੱਖਿਆ ਸਿਲੇਬਸ, ਅੰਤਰ ਧਾਰਮਿਕ ਵਿਆਹ ਤੇ ਗਊ ਹੱਤਿਆ ਸੰਬੰਧੀ ਕਾਨੂੰਨੀ ਰੋਕਾਂ ਲਾਈਆਂ ਗਈਆਂ ਹਨ, ਜੋ ਘੱਟ-ਗਿਣਤੀਆਂ, ਦਲਿਤਾਂ ਤੇ ਅਨੁਸੂਚਿਤ ਜਾਤਾਂ ਦੇ ਲੋਕਾਂ ਉੱਤੇ ਨਾਂਹਪੱਖੀ ਅਸਰ ਪਾਉਂਦੀਆਂ ਹਨ।''

ਘੱਟ-ਗਿਣਤੀ ਮੁੱਦਿਆਂ ਬਾਰੇ ਸੰਯੁਕਤ ਰਾਸ਼ਟਰ ਦੇ ਵਿਸ਼ੇਸ਼ ਪ੍ਰਤੀਨਿਧ ਡਾ. ਫਰਨਾਡ ਵੇਰੈਂਸ ਨੇ ਕਿਹਾ, ''ਸ਼ਾਂਤੀ ਦੀ ਬਹਾਲੀ ਲਈ ਅਮਰੀਕੀ ਸਰਕਾਰ ਨੂੰ ਸਪੱਸ਼ਟ ਸੰਕੇਤ ਦੇਣਾ ਚਾਹੀਦਾ ਹੈ ਕਿ ਭਾਰਤ ਦੀ ਹਾਲਤ ਚਿੰਤਾਜਨਕ ਹੈ, ਕਿਉਂਕਿ ਭਾਰਤ ਇੱਕ ਖ਼ਤਰਨਾਕ ਸਥਿਤੀ ਵੱਲ ਵਧ ਰਿਹਾ ਹੈ, ਜੋ ਅਮਰੀਕਾ ਉੱਤੇ ਵੀ ਅਸਰ ਪਾਵੇਗੀ।'ਹਿਊਮਨ ਵਾਚ' ਦੀ ਡਾਇਰੈਕਟਰ ਸਾਰਾ ਯਾਗਰ ਨੇ ਚੀਨ ਦੇ ਮੁਕਾਬਲੇ ਲਈ ਮੋਦੀ ਦਾ ਸਮਰਥਨ ਹਾਸਲ ਕਰਨ ਲਈ ਬਾਈਡੇਨ ਪ੍ਰਸ਼ਾਸਨ ਦੀ ਅਲੋਚਨਾ ਕਰਦਿਆਂ ਕਿਹਾ ਕਿ ਇਸ ਬਹਾਨੇ ਆਪਣੇ ਦੋਸਤਾਂ ਦੇ ਮਨੁੱਖੀ ਅਧਿਕਾਰਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਹਿੰਦੂ ਫਾਰ ਹਿਊਮਨ ਰਾਈਟਸ ਦੀ ਸਹਿ-ਸੰਸਥਾਪਕ ਸੁਨੀਤਾ ਵਿਸ਼ਵਾਨਾਥ ਨੇ ਕਿਹਾ, ''ਪਿਛਲੇ ਤਿੰਨ ਸਾਲਾਂ ਤੋਂ ਇਸ ਕਮਿਸ਼ਨ ਨੇ ਭਾਰਤ ਨੂੰ ਵਿਸ਼ੇਸ਼ ਚਿੰਤਾ ਵਾਲੇ ਦੇਸ਼ਾਂ ਦੀ ਸੂਚੀ ਵਿੱਚ ਪਾਉਣ ਦੀ ਸਿਫ਼ਾਰਸ਼ ਕੀਤੀ, ਪਰ ਪਹਿਲਾਂ ਟਰੰਪ ਤੇ ਫਿਰ ਬਾਈਡੇਨ ਨੇ ਇਸ ਨੂੰ ਠੁਕਰਾ ਦਿੱਤਾ। ਬਾਈਡੇਨ ਪ੍ਰਸ਼ਾਸਨ ਜੇਕਰ ਹਾਲੇ ਵੀ ਮੋਦੀ ਸਰਕਾਰ ਨਾਲ ਜੱਫੀਆਂ ਪਾਉਣਾ ਜਾਰੀ ਰੱਖਦਾ ਹੈ ਤਾਂ ਉਸ ਨੂੰ ਇਤਿਹਾਸ ਵਿੱਚ ਗਲਤ ਦੇ ਸਮਰਥਨ ਦਾ ਭਾਰ ਝੱਲਣਾ ਪਵੇਗਾ।''ਜਾਰਜ ਟਾਊਨ ਯੂਨੀਵਰਸਿਟੀ ਦੇ ਪ੍ਰੋਫ਼ੈਸਰ ਹਮਦ ਬਿਨ ਖਲੀਫਾ ਨੇ ਭਾਰਤ ਵਿੱਚ ਭੀੜ ਹਿੰਸਾ ਦੀ ਗੱਲ ਕਰਦਿਆਂ ਕਿਹਾ, ''ਇਹ ਸਾਨੂੰ ਅਮਰੀਕੀ ਇਤਿਹਾਸ ਦੇ ਕਾਲੇ ਦੌਰ ਦੀ ਯਾਦ ਦਿਵਾਉਂਦੀ ਹੈ, ਜਦੋਂ ਕਾਲੀ ਅਬਾਦੀ ਦਾ ਘਾਣ ਕੀਤਾ ਗਿਆ ਸੀ। ਭਾਰਤ ਵਿੱਚ ਕਿਸੇ ਸਬੂਤ ਬਿਨਾਂ ਗਊ ਮਾਸ ਦਾ ਬਹਾਨਾ, ਕਿਸੇ ਹਿੰਦੂ ਲੜਕੀ ਨਾਲ ਡੇਟਿੰਗ ਤੇ ਕਿਸੇ ਦੇਵਤਾ ਦੇ ਅਪਮਾਨ ਦਾ ਦੋਸ਼ ਲਾ ਕੇ ਮੁਸਲਮਾਨਾਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ ਜਾਂਦਾ ਹੈ। ਇਹ ਮੋਦੀ ਸਰਕਾਰ ਦੀ ਚੁੱਪ ਕਾਰਣ ਸੰਭਵ ਹੈ। ਅਮਰੀਕੀ ਸਰਕਾਰ ਨੂੰ ਇਸ ਬਾਰੇ ਸਖ਼ਤ ਰੁਖ ਅਖਤਿਆਰ ਕਰਨਾ ਚਾਹੀਦਾ ਹੈ।''

ਇਹ ਉਹ ਸਮਾਂ ਹੈ, ਜਦੋਂ ਕੈਨੇਡਾ ਤੇ ਭਾਰਤ ਦੇ ਅਜਿਹੇ ਹੀ ਇੱਕ ਮਸਲੇ ਕਾਰਨ ਸੰਬੰਧ ਕਾਫ਼ੀ ਖ਼ਰਾਬ ਹੋ ਚੁੱਕੇ ਹਨ। ਇਸ ਮਸਲੇ ਦੀ ਅੱਗ ਅਮਰੀਕਾ ਤੇ ਉਸ ਦੇ ਹਮੈਤੀਆਂ ਤੱਕ ਵੀ ਪੁੱਜ ਚੁੱਕੀ ਹੈ।ਭਾਰਤ ਦੇ ਗੁਆਂਢੀ ਦੇਸ਼ ਕਹਿ ਰਹੇ ਹਨ ਕਿ ਮੋਦੀ ਸਰਕਾਰ ਦੀ ਹਿੰਦੂਤਵੀ ਵਿਚਾਰਧਾਰਾ ਹੁਣ ਸੰਸਾਰ ਅਮਨ ਲਈ ਖਤਰਾ ਬਣ ਚੁੱਕੀ ਹੈ। ਇਸ ਲਈ ਮੋਦੀ ਸਰਕਾਰ ਨੂੰ ਦੇਸ਼ ਵਿੱਚ ਹੋ ਰਹੀ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਉੱਤੇ ਰੋਕ ਲਾਉਣ ਲਈ ਜ਼ਰੂਰੀ ਕਦਮ ਚੁੱਕਣ ਦੀ ਲੋੜ ਹੈ।-ਨਵਾ ਜ਼ਮਾਨਾ




# ਪੰਜਾਬ ਭਾਜਪਾ ਨੇ ਭਾਰਤ ਦੇ ਫੈਸਲੇ ਤੇ ਚੁੱਕੇ ਸਵਾਲ

ਅੰਮ੍ਰਿਤਸਰ:-ਭਾਜਪਾ ਆਗੂ ਸੁਨੀਲ ਜਾਖੜ ਨੇ ਕਿਹਾ ਕਿ ਭਾਰਤ ਅਤੇ ਕੈਨੇਡਾ ਮਸਲੇ ਨੂੰ ਲੈ ਕੇ ਉਨ੍ਹਾਂ ਨੇ ਵਿਦੇਸ਼ ਮੰਤਰਾਲੇ ਨੂੰ ਇੱਕ ਚਿੱਠੀ ਲਿਖੀ ਹੈ।ਉਸ ਚਿੱਠੀ ਵਿੱਚ ਉਨ੍ਹਾਂ ਨੇ ਲਿਖਿਆ ਸੀ ਕਿ ਉਹ ਲੋਕਾਂ ਨੂੰ ਅਣਮਿੱਥੇ ਸਮੇਂ ਦੀ ਸ਼ੰਕਾਂ ਵਿੱਚ ਨਹੀਂ ਰੱਖ ਸਕਦੇ।

“ਮੇਰਾ ਮੰਨਣਾ ਹੈ ਕਿ ਮੁੱਠੀ ਭਰ ਲੋਕ ਹਨ, ਜਿਨ੍ਹਾਂ ਕਰ ਕੇ ਅਜਿਹਾ ਹੋ ਰਿਹਾ ਹੈ। ਜੇ ਤੁਸੀਂ ਉਨ੍ਹਾਂ ਦੀ ਸਕਰੀਨਿੰਗ ਕਰਨੀ ਹੈ ਤਾਂ ਇੱਥੇ, ਦਿੱਲੀ ਏਅਰਪਰੋਟ, ਮੁੰਬਈ ਏਅਰਪੋਰਟ ‘ਤੇ ਕਰ ਲਓ। ਪਰ ਵੀਜ਼ਾ ਰੋਕਣ ਵਾਲਾ ਕੰਮ ਹੁਣ ਖ਼ਤਮ ਹੋ ਜਾਣਾ ਚਾਹੀਦਾ ਹੈ। ਸਾਰੇ ਪੰਜਾਬੀ ਇਸ ਗੱਲ ‘ਤੇ ਸਹਿਮਤ ਹੋਣਗੇ ਪਰ ਘੁਣ ਦੇ ਨਾਲ ਕਣਕ ਕਿਉਂ ਪੀਸੀ ਜਾਵੇ। ਉਹ ਤਾਂ ਥੋੜ੍ਹੇ ਜਿਹੇ ਲੋਕ ਹਨ, ਇਸ ਸਾਰੀ ਨੀਤੀ ‘ਤੇ ਗੌਰ ਕਰਨ ਦੀ ਲੋੜ ਹੈ।

“ਉਨ੍ਹਾਂ ਨੇ ਕਿਹਾ ਕਿ ਕੇਂਦਰੀ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਦੌਰਾਨ ਵੀ ਉਹ ਮੁੱਦਾ ਰੱਖਣਗੇ ਕਿ ਪੰਜਾਬ ਦੇ ਲੋਕਾਂ ਲਈ ਬੜਾ ਬੇਚੈਨੀ ਵਾਲਾ ਸਮਾਂ ਹੈ।“ਤੁਸੀਂ ਜਿਹੜੇ ਸੁਰੱਖਿਆ ਕਰਨੀ ਹੈ ਇੱਥੇ ਕਰੋ, ਇਸ ਨਾਲ ਕੈਨੇਡਾ ਬੈਠੇ ਲੋਕਾਂ ਨੂੰ ਪਰੇਸ਼ਾਨੀ ਨਾ ਹੋਵੇ। ਪੰਜਾਬ ਦੇ ਲੋਕ ਅਮਨਪ੍ਰਸਤ ਲੋਕ ਹਨ ਅਤੇ ਦੇਸ਼ ਦੀ ਸੁਰੱਖਿਆ ਲਈ ਓਨੇ ਹੀ ਚਿੰਤਤ ਹਨ, ਜਿੰਨੇ ਦੂਜੇ ਹੁੰਦੇ ਹਨ।



# ਸਿਹਤ ਸੰਬੰਧੀ



# ਥਾਇਰੌਇਡ ਗ੍ਰੰਥੀ ਦੀਆਂ ਸਮੱਸਿਆਵਾਂ ਅਤੇ ਹੋਮਿਓਪੈਥਿਕ ਇਲਾਜ

ਥਾਇਰੌਇਡ ਗ੍ਰੰਥੀ ਗਰਦਨ ਦੇ ਸਾਹਮਣੇ ਅਤੇ ਬਿਲਕੁਲ ਵਿਚਾਲੇ ਸਥਿਤ ਤਿਤਲੀ ਦੀ ਸ਼ਕਲ ਵਰਗਾ ਅੰਗ ਹੈ। ਇਹ ਗ੍ਰੰਥੀ ਸਰੀਰ ਦੇ ਕਈ ਹੋਰ ਅੰਗਾਂ ਅਤੇ ਸਰੀਰਕ ਕ੍ਰਿਆਵਾਂ ਨਾਲ ਡੂੰਘਾ ਸੰਬੰਧ ਰੱਖਦੀ ਹੈ। ਜੇ ਗਰਦਨ ਵਿੱਚ ਸਾਹਮਣੇ ਗਿੱਲੜ ਬਣ ਜਾਵੇ ਤਾਂ ਪੀੜਤ ਵਿਅਕਤੀ ਦੀ ਦਿੱਖ ਉੱਤੇ ਵੀ ਇਸ ਦਾ ਮਾੜਾ ਪ੍ਰਭਾਵ ਪੈਂਦਾ ਹੈ। ਥਾਇਰੌਇਡ ਦੇ ਹਾਰਮੋਨਾਂ ਨੂੰ ਟੀ3 (ਟ੍ਰਾਈਆਇਡੋਥਰਾਇਨੌਨਿਨ) ਅਤੇ ਟੀ4 (ਥਾਇਰੌਕਸਿਨ) ਆਖਿਆ ਜਾਂਦਾ ਹੈ। ਇਹ ਹਾਰਮੋਨ ਸਰੀਰ ਦੇ ਸੈੱਲਾਂ ਨੂੰ ਊਰਜਾ ਪ੍ਰਦਾਨ ਕਰਦੇ ਹਨ। ਆਇਓਡੀਨ ਭੋਜਨ ਜਾਂ ਪਾਣੀ ਰਾਹੀਂ ਸਾਡੇ ਸਰੀਰ ਦੇ ਅੰਦਰ ਜਾਂਦੀ ਹੈ।

ਆਇਓਡੀਨ ਤੱਤ ਥਾਇਰੌਇਡ ਦੇ ਵਿਕਾਸ ਅਤੇ ਹਾਰਮੋਨਾਂ ਦੇ ਬਣਨ ਲਈ ਜ਼ਰੂਰੀ ਹਨ।

ਜਦੋਂ ਥਾਇਰੌਇਡ ਗ੍ਰੰਥੀ ਸੁੱਜ ਕੇ ਵਧ ਜਾਂਦੀ ਹੈ ਤਾਂ ਇਸ ਨੂੰ ਗਿੱਲੜ ਕਿਹਾ ਜਾਂਦਾ ਹੈ। ਇਸ ਸੋਜਿਸ਼ ਜਾਂ ਫ਼ੁਲਾਵਟ ਕਰਕੇ ਸਾਹ ਰਗ ਉੱਤੇ ਦਬਾਅ ਪੈਣ ਕਾਰਣ ਖੰਘ ਜਾਂ ਸਾਹ ਵਿੱਚ ਰੁਕਾਵਟ ਅਤੇ ਭੋਜਨ ਨਲੀ ਨੱਪੀ ਜਾਣ ਨਾਲ ਰੋਟੀ ਦੀ ਬੁਰਕੀ ਲੰਘਾਉਣ ਵਿੱਚ ਮੁਸ਼ਕਲ ਆਉਂਦੀ ਹੈ। ਕਈ ਕੇਸਾਂ ਵਿੱਚ ਆਵਾਜ਼ ਵੀ ਭਾਰੀ ਹੋ ਜਾਂਦੀ ਹੈ। ਪਹਾੜੀ ਜਾਂ ਨੀਮ-ਪਹਾੜੀ ਖੇਤਰਾਂ ਵਿੱਚ ਢਲਾਣ ਉੱਤੇ ਪਾਣੀ ਵਹਿਣ ਕਾਰਣ ਅਜਿਹੇ ਭੂਗੋਲਿਕ ਖੇਤਰਾਂ ਅੰਦਰ ਆਇਓਡੀਨ ਦੀ ਘਾਟ ਹੋ ਜਾਂਦੀ ਹੈ ਅਤੇ ਅਜਿਹੇ ਖਿੱਤਿਆਂ ਵਿੱਚ ਥਾਇਰੌਇਡ ਸਮੱਸਿਆਵਾਂ ਵਧ ਸਕਦੀਆਂ ਹਨ। ਵੈਸੇ ਅੱਜ-ਕੱਲ ਆਇਓਡੀਨ ਯੁਕਤ ਲੂਣ ਦੀ ਵਰਤੋਂ ਕਾਰਣ ਅਜਿਹੇ ਕੇਸਾਂ ਵਿੱਚ ਕਾਫ਼ੀ ਸੁਧਾਰ ਆਇਆ ਹੈ। ਕਈ ਵਾਰੀ ਅਲ੍ਹੜ ਉਮਰ ਦੀਆਂ ਕੁੜੀਆਂ ਵਿੱਚ ਗਲ਼ੇ ਵਿੱਚੋਂ ਗਿੱਲੜ ਦੀ ਸੋਜ ਪੈਦਾ ਹੋ ਜਾਂਦੀ ਹੈ ਜਿਸ ਨੂੰ "ਪਿਊਬਰਟੀ ਗੌਇਟਰ" ਕਿਹਾ ਜਾਂਦਾ ਹੈ।

ਥਾਇਰੌਇਡ ਗ੍ਰੰਥੀ ਵੱਲੋਂ ਸਹੀ ਮਾਤਰਾ ਵਿੱਚ ਜਦੋਂ ਹਾਰਮੋਨ ਨਾ ਬਣਾਏ ਜਾਣ ਤਾਂ ਥਾਇਰੌਇਡ ਸੰਬੰਧੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਵਜੋਂ ਹੋਣ ਵਾਲੀ ਬਿਮਾਰੀ ਦੋ ਤਰ੍ਹਾਂ ਦੀ ਹੁੰਦੀ ਹੈ:

1. ਹਾਇਪਰਥਾਇਰੌਇਡਿਜ਼ਮ: ਇਸ ਤੋਂ ਭਾਵ ਹੈ ਕਿ ਕੁਝ ਸਥਿਤੀਆਂ ਕਾਰਣ ਥਾਇਰੌਇਡ ਦੇ ਹਾਰਮੋਨ ਲੋੜ ਨਾਲੋਂ ਵਧੇਰੇ ਮਾਤਰਾ ਵਿੱਚ ਬਣਨੇ ਸ਼ੁਰੂ ਹੋ ਜਾਂਦੇ ਹਨ। ਅਜਿਹੇ ਰੋਗੀਆਂ ਵਿੱਚ ਪ੍ਰਗਟ ਹੋਣ ਵਾਲੇ ਲੱਛਣ ਹੇਠ ਲਿਖੇ ਅਨੁਸਾਰ ਹੁੰਦੇ ਹਨ:

1. ਥਕਾਵਟ
2. ਦਿਲ ਦੀ ਧੜਕਣ ਵਧਣੀ
3. ਫ਼ਿਕਰਮੰਦੀ ਜਾਂ ਉਦਾਸੀ
4. ਪੱਠਿਆਂ ਦੀ ਕਮਜ਼ੋਰੀ
5. ਹੱਥਾਂ ਪੈਰਾਂ ਵਿੱਚ ਕਾਂਬਾ
6. ਅੱਖਾਂ ਬਾਹਰ ਨੂੰ ਨਿਕਲਣੀਆਂ
7. ਬਹੁਤ ਜ਼ਿਆਦਾ ਗਰਮੀ ਮਹਿਸੂਸ ਕਰਨੀ
8. ਭੁੱਖ ਜ਼ਿਆਦਾ ਹੋਣੀ ਜਾਂ ਠੀਕ-ਠਾਕ ਭੋਜਨ ਖਾਣ ਦੇ ਬਾਵਜੂਦ ਸਰੀਰ ਦਾ ਭਾਰ ਨਿਰੰਤਰ ਘਟਣਾ




**ਡਾ. ਸ਼ਵੇਤਾ**
MBBS, MD & DHMS (ONT.)
Abbotsford
(604) 304-2236

**ਡਾ. ਆਰ.ਐੱਸ. ਸੈਣੀ**
**(ਹੋਮਿਓਪੈਥ)**
Surrey
(604) 502-9579

9. ਪੈਰਾਂ ਵਿੱਚ ਸੋਜਿਸ਼
10. ਬੇਚੈਨੀ
11. ਲੋੜ ਨਾਲੋਂ ਜ਼ਿਆਦਾ ਬੋਲਣਾ
12. ਨਬਜ਼ ਤੇਜ਼ ਹੋਣੀ
13. ਹੱਥਾਂ ਨੂੰ ਪਸੀਨਾ ਆਉਣਾ
14. ਨੀਂਦ ਦੀਆਂ ਸਮੱਸਿਆਵਾਂ, ਆਦਿ।

2. ਹਾਇਪੋਥਾਇਰੌਇਡਿਜ਼ਮ: ਥਾਇਰੌਇਡ ਗ੍ਰੰਥੀ ਵੱਲੋਂ ਹਾਰਮੋਨਾਂ ਦੀ ਪੈਦਾਵਾਰ ਘੱਟ ਹੋਣ ਨਾਲ ਹਾਇਪੋਥਾਇਰੌਇਡਿਜ਼ਮ ਦੀ ਸਮੱਸਿਆ ਆਉਂਦੀ ਹੈ। ਇਸ ਦੇ ਹੇਠ ਲਿਖੇ ਲੱਛਣ ਹੁੰਦੇ ਹਨ:

1. ਵਜ਼ਨ ਵਧ ਜਾਣਾ
2. ਥਕਾਵਟ
3. ਸਖ਼ਤ ਅਤੇ ਖ਼ੁਸ਼ਕ ਚਮੜੀ
4. ਸੋਰਾਇਸਿਸ
5. ਅੱਖਾਂ ਉੱਪਰ ਮਾਮੂਲੀ ਸੋਜਿਸ਼
6. ਪਸੀਨਾ ਘੱਟ ਜਾਂ ਬਿਲਕੁਲ ਵੀ ਨਾ ਆਉਣਾ
7. ਭਰਵੱਟਿਆਂ ਦੇ ਵਾਲ਼ ਝੜਨੇ ਅਤੇ ਸਿਰ ਦੇ ਵਾਲ਼ ਝੜਨੇ
8. ਆਵਾਜ਼ ਭਾਰੀ ਹੋ ਜਾਣੀ
9. ਯਾਦਾਸ਼ਤ ਕਮਜ਼ੋਰ ਹੋਣੀ
10. ਦਿਮਾਗੀ ਪਰੇਸ਼ਾਨੀ
11. ਸੁਣਨ ਵਿੱਚ ਵਿਘਨ
12. ਜ਼ਿਆਦਾ ਠੰਢ ਲੱਗਣੀ
13. ਔਰਤਾਂ ਵਿੱਚ ਮਾਹਵਾਰੀ ਦੇ ਵਿਗਾੜ
14. ਆਦਮੀਆਂ ਦੇ ਜਣਨ ਅੰਗਾਂ ਸੰਬੰਧੀ ਰੋਗ, ਆਦਿ।

ਹਾਇਪੋਥਾਇਰੌਇਡ ਦੀ ਸਮੱਸਿਆ ਬੱਚਿਆਂ ਵਿੱਚ ਜਮਾਂਦਰੂ ਵੀ ਹੋ ਸਕਦੀ ਹੈ। ਬੱਚਿਆਂ ਦਾ ਬੇਹੱਦ ਸੁਸਤ ਹੋਣਾ, ਐਨਰਜੀ ਦੀ ਘਾਟ ਮਹਿਸੂਸ ਕਰਨਾ, ਕਬਜ਼, ਸਰੀਰ ਦੇ ਵਿਕਾਸ ਵਿੱਚ ਰੁਕਾਵਟ, ਆਦਿ ਬੱਚਿਆਂ ਨੂੰ ਹਾਇਪੋਥਾਇਰੌਇਡਿਜ਼ਮ ਹੋਣ ਦਾ ਸੰਕੇਤ ਹੋ ਸਕਦੇ ਹਨ। ਬੱਚਿਆਂ ਨੂੰ ਅਜਿਹੀਆਂ ਸਮੱਸਿਆਵਾਂ ਮਾਤਾ ਨੂੰ ਗਰਭ ਦੌਰਾਨ ਆਇਓਡੀਨ ਦੀ ਕਮੀ ਕਾਰਣ ਹੋ ਸਕਦੀ ਹੈ।

ਥਾਇਰੌਇਡ ਗ੍ਰੰਥੀ ਵਿੱਚ ਹਾਰਮੋਨਾਂ ਦੇ ਸਤ੍ਰਾਵ ਦਾ ਪੱਧਰ ਜਾਣਨ ਲਈ ਖ਼ੂਨ ਟੈਸਟ ਦੇ ਰਾਹੀਂ ਟੀ.ਐੱਸ.ਐੱਚ. (ਥਾਇਰੌਇਡ ਨੂੰ ਹਰਕਤ ਵਿੱਚ ਲਿਆਉਣ ਵਾਲਾ ਹਾਰਮੋਨ) ਅਤੇ ਟੀ3 ਅਤੇ ਟੀ4 ਦਾ ਪਤਾ ਲਗਾਇਆ ਜਾ ਸਕਦਾ ਹੈ।ਹੋਮਿਓਪੈਥਿਕ ਇਲਾਜ ਪ੍ਰਣਾਲੀ ਵਿੱਚ ਥਾਇਰੌਇਡਿ ਗ੍ਰੰਥੀ ਨਾਲ ਸੰਬੰਧਤ ਰੋਗਾਂ ਦਾ ਇਲਾਜ ਢੁਕਵੀਆਂ ਦਵਾਈਆਂ ਨਾਲ ਬਾਖ਼ੂਬੀ ਕੀਤਾ ਜਾਂਦਾ ਹੈ।

ਪੀੜਤ ਵਿਅਕਤੀ ਦੇ ਸਾਰੇ ਲੱਛਣਾਂ ਨੂੰ ਵਿਸਥਾਰਪੂਰਵਕ ਅਤੇ ਡੂੰਘਾਈ ਵਿੱਚ ਪਰਖਣ ਉਪਰੰਤ ਢੁਕਵੀਂ ਹੋਮਿਓਪੈਥਿਕ ਦਵਾਈ ਦੀ ਚੋਣ ਕੀਤੀ ਜਾਂਦੀ ਹੈ ਜੋ ਕਿ ਹਾਰਮੋਨਾਂ ਦੇ ਵਿੱਚ ਆਏ ਵਿਗਾੜ ਨੂੰ ਦਰੁਸਤ ਕਰਨ ਦੀ ਸਮਰੱਥਾ ਰੱਖਦਿਆਂ ਰੋਗੀ ਨੂੰ ਰੋਗ ਮੁਕਤ ਹੋਣ ਵਿੱਚ ਸਹਾਈ ਹੋ ਸਕਦੀ ਹੈ। ਰੋਗ ਦੇ ਲੱਛਣਾਂ ਦਾ ਪ੍ਰਭਾਵ ਰੋਗੀ ਉੱਪਰ ਵੱਖਰੇ-ਵੱਖਰੇ ਪੱਧਰ 'ਤੇ ਪੈਂਦਾ ਹੈ, ਜਿਵੇਂ ਕਿ ਭਾਵਨਾਤਮਕ, ਦਿਮਾਗੀ ਅਤੇ ਸਰੀਰਕ ਅਤੇ ਢੁਕਵੇਂ ਇਲਾਜ ਲਈ ਇਨ੍ਹਾਂ ਤਿੰਨੋ ਪੱਧਰਾਂ ਨੂੰ ਸਮਝਣਾ ਜ਼ਰੂਰੀ ਹੈ। ਰੋਗ ਕਾਰਣ ਰੋਗੀ ਵਿੱਚ ਵਿਲੱਖਣ ਤਬਦੀਲੀਆਂ ਇੱਕ ਪ੍ਰੋਫ਼ੈਸ਼ਨਲ ਹੋਮਿਓਪੈਥ ਨੂੰ ਪੀੜਤ ਮਨੁੱਖ ਲਈ ਸਹੀ ਦਵਾਈ ਲੱਭਣ ਵਿੱਚ ਸਹਾਈ ਹੁੰਦੀਆਂ ਹਨ।


ਨਸ਼ਿਆਂ ਤੋਂ ਛੁਟਕਾਰਾ ਪਾਓ

night & day
recovery

ਜੇ ਤੁਸੀਂ ਸ਼ਰਾਬ ਜਾਂ ਨਸ਼ੇ ਛੱਡਣਾ ਚਾਹੁੰਦੇ ਹੋ ਤਾਂ ਅਸੀਂ ਤੁਹਾਡੀ ਮੱਦਦ ਕਰ ਸਕਦੇ ਹਾਂ। ਅੱਜ ਹੀ ਆ ਕੇ ਮਿਲੋ।




*Night and Day Recovery Centre*

**Surrey's Choice Rehabilitation Centre**

**C: 778-855-3172, F: 778-395-4113**

14688-106 Ave. Surrey BC

info@nightanddayrecovery.ca www.nightanddayrecovery.ca






ਵੈਨਕੂਵਰ ਦਾ ਸਭ ਤੋਂ ਪਹਿਲਾ
ਪੰਜਾਬੀਆਂ ਦਾ ਜਿਊਲਰੀ ਸਟੋਰ

**ਹਾਈ ਕਲਾਸ ਜਿਊਲਰ**

ਜਲੰਧਰ ਵਾਲੇ

☆ CUSTOM MADE DIAMOND JEWELLERY OF:
☆ 10K, 14K,
☆ WHITE GOLD &
☆ PLATINUM.

Repairing, Polishing & Appraisals

Step-in and see our exclusive collections of Singapore, India, Pakistan and Custom-made 22K Jewellery

OFFICIAL AGENTS OF RADO WATCHES

ਗਹਿਣਿਆਂ ਦੀ ਦੁਨੀਆਂ
ਵਿੱਚ ਮਸ਼ਹੂਰ ਨਾਮ
ਜਿੱਥੋਂ ਤੁਸੀਂ ਮਨਪਸੰਦ ਜਿਊਲਰੀ
ਖਰੀਦ ਸਕਦੇ ਹੋ

6570 - Main St., (Between 49th & 50th) Vancouver BC

**Ph: 604-327-3132**

FAX: 604-327-0335

# ਹਸਗੁੱਲੇ

ਦਾੜ੍ਹੀ ਵਾਲੇ ਬੰਗਾਲੀ ਅਤੇ ਇੱਕ ਸਰਦਾਰ ਜੀ ਵਿਚਕਾਰ ਬਹਿਸ ਹੋ ਗਈ ਕਿ ਕਿਸ ਕੌਮ ਨੇ ਜ਼ਿਆਦਾ ਅਜ਼ਾਦੀ ਘੁਲਾਟੀਏ ਪੈਦਾ ਕੀਤੇ ਹਨ। ਉਨ੍ਹਾਂ ਨੇ ਕਿਹਾ ਫੈਸਲਾ ਕੀਤਾ ਆਪਣੇ ਆਪਣੇ ਅਜ਼ਾਦੀ ਘੁਲਾਟੀਏ ਦਾ ਨਾਮ ਲੈ ਕੇ ਇੱਕ ਦੂਸਰੇ ਦੀ ਦਾੜ੍ਹੀ ਦਾ ਵਾਲ ਪੁੱਟਿਆ ਜਾਵੇਗਾ। ਜਿਸ ਕੋਲ ਜ਼ਿਆਦਾ ਵਾਲ ਹੋਏ ਉਹ ਜਿੱਤ ਜਾਵੇਗਾ। ਦੋਨਾਂ ਦੀ ਗਿਣਤੀ ਸ਼ੁਰੂ ਹੋ ਗਈ। ਬੰਗਾਲੀ ਕਹਿੰਦਾ 'ਸ਼ੁਭਾਸ਼ ਚੰਦਰ ਬੋਸ'ਤੇ ਸਰਦਾਰ ਜੀ ਦੀ ਦਾੜੀ ਦਾ ਵਾਲ ਪੁੱਟ ਲਿਆ। ਸਰਦਾਰ ਜੀ ਨੇ "ਭਗਤ ਸਿੰਘ" ਨਾਲ ਜਵਾਬ ਦਿੱਤਾ'ਤੇ ਬੰਗਾਲੀ ਦੀ ਦਾੜੀ ਦਾ ਵੱਲ ਪੁੱਟ ਲਿਆ। ਇਸ ਤਰਾਂ ਕਰਕੇ ਦੋਨੋ ਇੱਕ ਇੱਕ ਕਰਕੇ ਵਾਲ ਪੁੱਟੀ ਗਏ। ਸਰਦਾਰ ਜੀ ਨੇ ਸੋਚਿਆ ਇਸ ਤਰਾਂ ਬਹੁਤ ਸਮਾਂ ਲੱਗੇਗਾ! ਉਸ ਨੇ ਜੋਸ਼ ਨਾਲ ਬੰਗਾਲੀ ਦੀ ਦਾੜੀ ਨੂੰ ਝਟਕਾ ਦਿੱਤਾ ਤੇ ਕਿਹਾ "ਜਲਿਆਂਵਾਲਾ ਬਾਗ" ਬੰਗਾਲੀ ਦੀ ਸਾਰੀ ਦਾੜੀ ਪੁੱਟ ਕੇ ਔਹ ਮਾਰੀ।

---------------------------

ਬੱਚਾ:- ਮੰਮੀ ਤੇਰਾ ਵਿਆਹ ਕਿਸਦੇ ਨਾਲ ਹੋਇਆ ਸੀ?

ਮੰਮੀ:-ਮਰਜਾਣਿਆ ਤੇਰੇ ਪਿਉ ਨਾਲ ਹੋਰ ਕੀਹਦੇ ਨਾਲ ਹੋਣਾ ਸੀ

ਬੱਚਾ:- ਆਹ ਵੀ ਕੋਈ ਵਿਆਹ ਹੋਇਆ ਘਰ ਦੇ ਬੰਦੇ ਨਾਲ ਕਰਾ ਲਿਆ। ਹੋਰ ਲੋਕ ਮਰ ਗਏ ਸੀ?

********

ਅਧਿਆਪਕ : (ਵਿਦਿਆਥੀਆਂ ਨੂੰ) (1)ਉਸ ਨੇ ਭਾਂਡੇ ਮਾਂਜੇ (2) ਉਸਨੂੰ ਭਾਂਡੇ ਮਾਂਜਣੇ ਪਏ ਇਨ੍ਹਾਂ ਦੋਵਾਂ ਵਾਕਾਂ ਵਿੱਚ ਕੀ ਫ਼ਰਕ ਹੈ?

ਪੱਪੂ ਨਾਮ ਦੇ ਵਿਦਿਆਰਥੀ ਨੇ ਜੁਆਬ ਦਿੱਤਾ:- ਪਹਿਲੇ ਵਾਕ ਵਿਚ ਕਰਤਾ ਅਣਵਿਆਹਿਆ ਹੈ ਅਤੇ ਦੂਜੇ ਵਾਕ ਵਿੱਚ ਕਰਤਾ ਦੇ ਵਿਆਹੁਤਾ ਹੋਣ ਦਾ ਪਤਾ ਲੱਗਦਾ ਹੈ!

********

ਦੀਪੂ :-ਵਿਆਹ ਵੇਲੇ ਪਤੀ ਪਤਨੀ ਦੋਵਾਂ ਨੂੰ ਸਮਝੌਤਾ ਕਰਨਾ ਪੈਂਦਾ ਹੈ!

ਸ਼ਾਮ :-ਉਹ ਕਿਵੇਂ ?

ਦੀਪੂ :-ਔਰਤ ਆਪਣੇ ਮਾਪੇ ਤੇ ਪੇਕਾ ਘਰ ਛੱਡ ਦਿੰਦੀ ਹੈ ਅਤੇ ਆਦਮੀ ਸੁੱਖ ਸ਼ਾਂਤੀ ਤੇ ਚੰਗੇ ਦਿਨਾਂ ਦੀ ਉਮੀਦ!

********

ਪਤਨੀ :-ਹਰ ਐਤਵਾਰ ਤੁਸੀਂ ਮੱਛੀ ਫੜ ਜਾਂਦੇ ਹੋ?

ਪਤੀ( ਝਿਝਕਦਾ ਹੋਇਆ) ਹਾਂ ਹਾਂ ਤਾਂ ਕੀ ਹੋਇਆ?

ਪਤਨੀ :-ਉਹ ਮੱਛੀ ਅੱਜ ਘਰ ਆਏ ਸੀ ਅਤੇ ਪੁੱਛਦੀ ਸੀ ਸ਼ਿਕਾਰੀ ਕਿੱਧਰ ਗਿਆ?

********

ਇੱਕ ਬਜ਼ੁਰਗ ਬਾਬਾ ਮਰਨ ਵਾਲਾ ਸੀ ਘਰ ਵਾਲਿਆਂ ਨੇ ਕਿਹਾ ਹੁਣ ਤਾਂ ਰੱਬ ਦਾ ਨਾਂ ਲੈ ਲੈ ਬਾਬਾ ਬੋਲਿਆ ਹੁਣ ਕੀ ਰੱਬ ਦਾ ਨਾਮ ਲੈਣਾ ਦੱਸ ਪੰਦਰਾਂ ਮਿੰਟ ਬਾਅਦ ਤਾਂ ਆਹਮਣਾ ਸਾਹਮਣਾ ਹੋ ਹੀ ਜਾਵੇਗਾ।

********

ਰਮਨ:-ਦੁਨੀਆਂ ਵਿੱਚ ਸਭ ਤੋਂ ਖ਼ਤਰਨਾਕ ਜਾਦੂ ਕਿੱਥੇ ਹੁੰਦਾ ਹੈ?

ਦਮਨ:- ਬਿਊਟੀ ਪਾਰਲਰ ਵਿੱਚ ਜਾਂਦੀ ਕੁਝ ਹੋਰ ਏ ਆਉਂਦੀ ਕੁੱਝ ਹੋਰ ਬਣਕੇ

********

ਇੱਕ ਵਾਰ ਇੱਕ ਪਠਾਣ ਜਹਾਜ਼ ਵਿੱਚ ਬੈਠ ਗਿਆ ਤੇ ਸੀਟ ਤੋਂ ਉੱਠਣ ਦਾ ਨਾਂ ਨਹੀਂ ਲੈ ਰਿਹਾ ਸੀ। ਲੋਕਾਂ ਨੇ ਬਹੁਤ ਮਿੰਨਤਾਂ ਤਰਲੇ ਕੀਤੇ ਪਰ ਉਹ ਨਾ ਮੰਨੇ ਅਤੇ ਬੋਲਿਆ 'ਪਠਾਨ ਕਾ ਜ਼ੁਬਾਨ ਹੈ ਹਮ ਆਪਣਾ ਫ਼ੈਸਲਾ ਨਹੀਂ ਬਦਲੇਗਾ"।

ਉਸ ਵੇਲੇ ਇੱਕ ਆਦਮੀ ਉੱਠ ਕੇ ਪਠਾਨ ਕੋਲ ਆਇਆ ਅਤੇ ਪਠਾਨਦੇ ਕੰਨ ਵਿੱਚ ਕੁਝ ਬੋਲਿਆ ਤਾਂ ਪਠਾਨ ਇਕਦਮ ਉੱਠ ਕੇ ਅਗਲੀ ਸੀਟ ਤੇ ਬੈਠ ਗਿਆ। ਸਾਰੇ ਲੋਕ ਹੈਰਾਨ ਹੋ ਗਏ ਅਤੇ ਉਸ ਆਦਮੀ ਪੁੱਛਣ ਲੱਗੇ ਕਿ ਉਸ ਨੇ ਅਜਿਹਾ ਕੀ ਕਿਹਾ ਜੋ ਪਠਾਣ ਮੰਨ ਗਿਆ ਆਦਮੀ ਨੇ ਕਿਹਾ 'ਪਠਾਣ ਨੂੰ ਮੈਂ ਪੁੱਛਿਆ ਤੁਸੀਂ ਕਿੱਥੇ ਜਾਓਗੇ ?

ਤਾਂ ਉਹ ਬੋਲਿਆ :ਦੁਬਈ"। ਮੈਂ ਪਠਾਨ ਨੂੰ ਕਿਹਾ ਕਿ ਦੁਬਈ ਦੀ ਸੀਟ ਅਗਲੀ ਹੈ ਇਹ ਤਾਂ ਅਮਰੀਕਾ ਦੀ ਸੀਟ ਹੈ"।

********

ਇੱਕ ਔਰਤ ਨੇ ਹਰਨੀ ਦਾ ਮੀਟ ਬਣਾਇਆ। ਬੱਚਿਆਂ ਨੇ ਪੁੱਛਿਆ ਮੰਮੀ ਅੱਜ ਕੀ ਬਣਾਇਆ। ਹੈ ਔਰਤ ਬੋਲੀ 'ਨਾਮ ਨਹੀਂ ਦੱਸਾਂਗੀ ਪਰ ਹਿੰਟ ਦਿੰਦੀ ਹਾਂ ਜਿਹੜਾ ਸਹੀ ਜਵਾਬ ਦੇਵੇਗਾ ਉਸ ਨੂੰ ਚਾਕਲੇਟ ਦੇਵਾਂਗੀ'। ਉਹਨੇ ਸ਼ਰਮਾਉਂਦੇ ਹਿੰਟ ਦਿੱਤਾ ਇਹ ਉਹ ਹੈ ਜੋ ਤੁਹਾਡੇ ਪਾਪਾ ਮੈਨੂੰ ਅਕਸਰ ਪਿਆਰ ਨਾਲ ਕਹਿੰਦੇ ਹਨ।

ਸਭ ਤੋਂ ਛੋਟਾ ਬੱਚਾ ਮਸੂਮੀਅਤ ਨਾਲ ਬੋਲਿਆ 'ਓਏ ਕੋਈ ਨਾ ਖਾਇਓ ਕੁੱਤੀ ਦਾ ਮੀਟ ਹੋਵੇਗਾ'

********

ਵਿਆਹ ਵਿੱਚ ਦੁਲਹਨ ਦਾ ਸਾਬਕਾ ਬੁਆਏਫ੍ਰੈਂਡ ਆਇਆ ਤਾਂ ਦੁਲਹਨ ਦਾ ਪਿਤਾ ਪੁੱਛਣ ਲੱਗਾ ਤੁਸੀਂ ਕੌਣ? ਬੁਆਏਫਰੈਂਡ ਬੋਲਿਆ "ਜੀ ਮੈਂ ਸੈਮੀਫਾਈਨਲ ਵਿੱਚੋਂ ਬਾਹਰ ਹੋ ਗਿਆ ਸੀ ਫਾਈਨਲ ਦੇਖਣ ਆਇਆ ਹਾਂ"

********

ਮੇਜ਼ਬਾਨ, ''ਇੱਥੇ ਆਉਣਾ ਹੀ ਸੀ ਤਾਂ ਚਿੱਠੀ ਰਾਹੀਂ ਸੂਚਨਾ ਦੇ ਦਿੰਦੇ।"ਮਹਿਮਾਨ, ''ਜੇ ਸੂਚਨਾ ਦੇ ਦਿੰਦੇ ਤਾਂ ਤੁਸੀਂ ਇੱਥੇ ਮਿਲਦੇ ਕਿਵੇਂ?"

********

ਮਰਨ ਤੋਂ ਪਹਿਲਾਂ ਪਤਨੀ ਆਪਣੇ ਪਤੀ ਨੂੰ ਬੋਲੀ, ''ਮੈਂ ਜਾ ਰਹੀ ਹਾਂ, ਅਸੀਂ ਸਵਰਗ ਵਿੱਚ ਮਿਲਾਂਗੇ।"

ਪਤੀ ਉਸੇ ਦਿਨ ਤੋਂ ਦਾਰੂ ਪੀਣ ਲੱਗਾ, ਕੁੱਲ ਮਿਲਾ ਕੇ ਦੁਨੀਆ ਦੇ ਸਾਰੇ ਬੁਰੇ ਕੰਮ ਕਰਨ ਲੱਗਾ।

ਦੋਸਤ (ਪਤੀ ਨੂੰ), ''ਯਾਰ, ਤੂੰ ਇਹ ਸਭ ਬੁਰੇ ਕੰਮ ਕਿਉਂ ਕਰਨ ਲੱਗ ਪਿਆ ਹੈਂ?"

ਪਤੀ, ''ਉਹ ਇਸ ਲਈ ਕਿ ਕੁਝ ਵੀ ਹੋ ਜਾਏ, ਸਵਰਗ ਵਿੱਚ ਨਹੀਂ ਜਾਣਾ।"

********

ਇੱਕ ਅਧਿਆਪਕ ਬੱਚਿਆਂ ਨੂੰ ਸ਼ੇਰ ਦੇ ਬਾਰੇ ਪਾਠ ਪੜ੍ਹਾ ਰਹੇ ਸਨ। ਤਦ ਉਨ੍ਹਾਂ ਨੇ ਕਿਹਾ, ''ਰਾਜੂ ਤੂੰ ਦੱਸ, ਸ਼ੇਰ ਦੀ ਗੁਫਾ ਵਿੱਚ ਵੀ ਕੋਈ ਵੜ ਸਕਦਾ ਹੈ ਭਲਾ?"

ਰਾਜੂ ਨੇ ਉੱਤਰ ਦਿੱਤਾ, ''ਹਾਂ ਸਰ, ਮੈਂ ਵੜ ਸਕਦਾ ਹਾਂ।"

ਅਧਿਆਪਕ ਨੇ ਹੈਰਾਨੀ ਨਾਲ ਕਿਹਾ, ''ਉਹ ਕਿਵੇਂ?"

ਰਾਜੂ ਨੇ ਕਿਹਾ, ''ਜਦ ਗੁਫਾ ਵਿੱਚ ਸ਼ੇਰ ਨਾ ਹੋਵੇ।"

**************************

ਵਿਆਹ ਦੌਰਾਨ ਕੁੜੀ ਸ਼ਰਮਾਉਂਦੀ ਹੋਈ ਬੋਲੀ,''ਸੁਣੋ ਜੀ, ਅੱਜ ਤੋਂ ਤੁਹਾਡੇ ਬਿਨਾਂ ਮੈਂ ਨਹੀਂ ਅਤੇ ਮੇਰੇ ਬਿਨਾਂ ਤੁਸੀਂ ਨਹੀਂ।"

ਵਿਆਹ ਤੋਂ ਚਾਰ ਸਾਲ ਬਾਅਦ ਉਹੋ ਪਤਨੀ, ''ਕੁੱਤੇ ਰੁੱਕ ਜਾ, ਅੱਜ ਜਾਂ ਤੂੰ ਨਹੀਂ ਜਾਂ ਮੈਂ ਨਹੀਂ।"

********

ਗਰਲਫ੍ਰੈਂਡ, ''ਇਸ ਹਫਤੇ ਰੋਜ਼ ਸ਼ਾਪਿੰਗ ਕਰਾਂਗੇ, ਅਗਲੇ ਹਫਤੇ ਰੋਜ਼ ਫਿਲਮਾਂ ਦੇਖਾਂਗੇ।"

ਬੁਆਏਫਰੈਂਡ, ''ਉਸ ਤੋਂ ਅਗਲੇ ਹਫਤੇ ਰੋਜ਼ ਮੰਦਰ ਜਾਵਾਂਗੇ।"

ਗਰਲਫਰੈਂਡ, ''ਉਹ ਕਿਉਂ?"

ਬੁਆਏਫ੍ਰੈਂਡ, ''ਭੀਖ ਮੰਗਾਂਗੇ।"

ਇੱਕ ਸ਼ਰਾਬੀ ਨੇ ਆਪਣੀ ਪਤਨੀ ਨੂੰ ਆਫਿਸ ਪਾਰਟੀ ਤੋਂ ਐਸ ਐਮ ਐਸ ਕੀਤਾ, 'ਪਾਰਟੀ ਖਤਮ ਹੋਣ ਵਾਲੀ ਹੈ, ਇਹ ਆਖਰੀ ਪੈਗ ਹੈ, ਮੈਂ ਅੱਧੇ ਘੰਟੇ ਵਿੱਚ ਘਰ ਪਹੁੰਚ ਜਾਵਾਂਗਾ, ਜੇ ਨਾ ਪਹੁੰਚਿਆ ਤਾਂ ਇਸ ਐਸ ਐਮ ਐਸ ਨੂੰ ਮੁੜ ਪੜ੍ਹ ਲਵੀਂ, ਯੂਅਰ ਲਵ।'

********

ਪ੍ਰੇਮੀ-ਪ੍ਰੇਮਿਕਾ ਨੇ ਜਦ ਇੱਕ ਦੂਜੇ ਨਾਲ ਵਿਆਹ ਕਰਨ ਦਾ ਵਾਅਦਾ ਕਰ ਲਿਆ ਤਾਂ ਪ੍ਰੇਮਿਕਾ ਬੋਲੀ, 'ਡਾਰਲਿੰਗ, ਇੱਕ ਗੱਲ ਮੈਂ ਸਾਫ ਦੱਸ ਦਿਆਂ ਕਿ ਮੈਨੂੰ ਖਾਣਾ ਬਣਾਉਣਾ ਨਹੀਂ ਆਉਂਦਾ।'

ਪ੍ਰੇਮੀ, ''ਕੋਈ ਗੱਲ ਨਹੀਂ ਡਾਰਲਿੰਗ, ਮੈਂ ਵੀ ਪਹਿਲਾਂ ਹੀ ਦੱਸ ਦੇਣਾ ਚਾਹੁੰਦਾ ਹਾਂ ਕਿ ਮੈਂ ਕਵੀ ਹਾਂ ਅਤੇ ਮੇਰੇ ਘਰ 'ਚ ਪਕਾਉਣ ਲਈ ਕੁਝ ਹੈ ਹੀ ਨਹੀਂ।"

********

ਮਹਾਤਮਾ (ਸ਼ਰਾਬੀ ਨੂੰ), ''ਤੇਰੇ ਸਾਹਾਂ 'ਚ ਸ਼ਰਾਬ ਦੀ ਇੰਨੀ ਬਦਬੂ ਆਉਂਦੀ ਹੈ ਕਿ ਤੈਨੂੰ ਸਵਰਗ 'ਚ ਤਾਂ ਕੀ, ਨਰਕ 'ਚ ਵੀ ਜਗ੍ਹਾ ਨਹੀਂ ਮਿਲੇਗੀ...।"

ਸ਼ਰਾਬੀ, ''...ਪਰ ਮਹਾਤਮਾ ਜੀ, ਮਰਨ ਤੋਂ ਬਾਅਦ ਤਾਂ ਮੈਂ ਆਪਣੇ ਸਾਹ ਇਥੇ ਹੀ ਛੱਡ ਜਾਵਾਂਗਾ।"

********

ਪਿਤਾ (ਬੇਟੇ ਨੂੰ), ''ਦੇਖੋ ਬੇਟਾ, ਜੂਆ ਨਹੀਂ ਖੇਡਦੇ। ਇਹ ਅਜਿਹੀ ਆਦਤ ਹੈ ਕਿ ਜੇ ਇਸ 'ਚ ਅੱਜ ਜਿੱਤੇਂਗਾ ਤਾਂ ਕੱਲ੍ਹ ਨੂੰ ਹਾਰੇਂਗਾ, ਪਰਸੋਂ ਜਿੱਤੇਂਗਾ ਤਾਂ ਉਸ ਤੋਂ ਅਗਲੇ ਦਿਨ ਹਾਰ ਜਾਵੇਂਗਾ...।"

ਬੇਟਾ, ''ਬਸ ਪਿਤਾ ਜੀ, ਮੈਂ ਸਮਝ ਗਿਆ। ਅੱਗੇ ਤੋਂ ਮੈਂ ਇੱਕ ਦਿਨ ਛੱਡ ਕੇ ਖੇਡਿਆ ਕਰਾਂਗਾ...।"

********

ਪਤੀ (ਪਤਨੀ ਨੂੰ), ''ਸੁਣਿਆ ਤੂੰ, ਕਹਿੰਦੇ ਹਨ ਕਿ ਜਿਹੜਾ ਆਦਮੀ ਜਿੰਨਾ ਜ਼ਿਆਦਾ ਬੇਵਕੂਫ ਹੁੰਦਾ ਹੈ, ਉਸ ਨੂੰ ਓਨੀ ਹੀ ਜ਼ਿਆਦਾ ਸੋਹਣੀ ਪਤਨੀ ਮਿਲਦੀ ਹੈ।"

ਪਤਨੀ (ਖੁਸ਼ ਹੋ ਕੇ), ''ਬੱਸ-ਬੱਸ ਰਹਿਣ ਵੀ ਦਿਓ, ਮੇਰੀ ਪ੍ਰਸ਼ੰਸਾ ਕਰਨ ਤੋਂ ਇਲਾਵਾ ਵੀ ਕਦੇ ਕੋਈ ਹੋਰ ਕੰਮ ਕਰ ਲਿਆ ਕਰੋ।"

**************************

ਪਤੀ ਜਨਾਬ ਸਵੇਰੇ-ਸਵੇਰੇ ਫੇਸਬੁੱਕ ਖੋਲ੍ਹ ਕੇ ਬੈਠ ਗਏ। ਉਨ੍ਹਾਂ ਦੀ ਇਕ ਗਰਲਫ੍ਰੈਂਡ ਨੇ ਸੈਂਡਵਿਚ ਦੀ ਫੋਟੋ ਅਪਲੋਡ ਕਰਕੇ ਲਿਖਿਆ, ''ਆਓ, ਨਾਸ਼ਤਾ ਕਰੀਏ।"

ਪਤੀ ਨੇ ਖੁਸ਼ ਹੋ ਕੇ ਕੁਮੈਂਟ ਕੀਤਾ, ''ਬਹੁਤ ਵਧੀਆ ਨਾਸ਼ਤਾ ਸੀ, ਮਜ਼ਾ ਆ ਗਿਆ।"

ਇਹ ਕੁਮੈਂਟ ਪਤਨੀ ਨੇ ਦੇਖ ਲਿਆ ਅਤੇ ਪਤੀ ਨੂੰ ਨਾਸ਼ਤਾ ਨਹੀਂ ਦਿੱਤਾ। ਫਿਰ ਚਾਰ ਘੰਟਿਆਂ ਬਾਅਦ

ਪਤੀ ਨੂੰ ਪੁੱਛਿਆ, ''ਖਾਣਾ ਬਣਾਵਾਂ ਜਾਂ ਤੁਸੀਂ ਦੁਪਹਿਰ ਦਾ ਖਾਣਾ ਵੀ ਫੇਸਬੁੱਕ 'ਤੇ ਹੀ ਕਰੋਗੇ?"

**************************

ਨੌਕਰਾਣੀ ਭੱਜਦੀ ਹੋਈ ਆਈ ਤੇ ਬੋਲੀ, 'ਮਾਲਕਣ, ਤੁਹਾਡੀ ਸੱਸ ਨੂੰ ਤਿੰਨ ਔਰਤਾਂ ਕੁੱਟ ਰਹੀਆਂ ਹਨ।'

ਮਾਲਕਣ ਨੌਕਰਾਣੀ ਨਾਲ ਭੱਜ ਕੇ ਬਾਹਰ ਆਈ ਅਤੇ ਚੁੱਪਚਾਪ ਖੜੀ ਹੋ ਕੇ ਤਮਾਸ਼ਾ ਦੇਖਣ ਲੱਗੀ। ਨੌਕਰਾਣੀ ਬੋਲੀ, ''ਤੁਸੀਂ ਮਦਦ ਲਈ ਨਹੀਂ ਜਾਵੋਗੇ?"

ਮਾਲਕਣ, ''ਨਹੀਂ, ਉਸ ਦੇ ਲਈ ਤਿੰਨ ਹੀ ਕਾਫੀ ਹਨ।"

********

ਪਹਿਲਾ ਗੱਪੀ: "ਮੇਰੇ ਦਾਦਾ ਜੀ ਤਾਂ ਇੰਨੇ ਭੁਲੱਕੜ ਸਨ ਕਿ ਸੋਟੀ ਬਿਸਤਰੇ ਤੇ ਰੱਖਦੇ ਸਨ ਅਤੇ ਖੁਦ ਕੋਨੇ ਵਿਚ ਸੌਂ ਜਾਂਦੇ ਸਨ!"

ਦੂਜਾ ਗੱਪੀ-"ਬਸ ਮੇਰੇ ਦਾਦਾ ਜੀ ਤਾਂ ਇੰਨੇ ਭੁਲੱਕੜ ਸਨ ਕਿ 'ਪਾਨ ਬਿਸਤਰੇ ਤੇ ਥੁੱਕ ਦਿੰਦੇ ਸਨ ਦੇ ਖ਼ੁਦ ਖਿੜਕੀ ਤੋਂ ਛਾਲ ਮਾਰ ਦਿੰਦੇ ਸਨ"

*****

ਰਾਜੂ ਦੀ ਪਤਨੀ ਪੇਕੇ ਗਈ ਸੀ ਪਤਨੀ ਫੋਨ ਤੇ :-"ਜਦੋਂ ਮੈਨੂੰ ਤੁਹਾਡੀ ਯਾਦ ਆਉਂਦੀ ਹੈ ਤਾਂ ਤੁਹਾਡੀ ਫੋਟੋ ਵੇਖ ਲੈਂਦੀ ਹਾਂ!"

ਰਾਜੂ :-ਅੱਛਾ ਅਤੇ ਮੇਰੀ ਅਵਾਜ਼ ਸੁਣਨ ਲਈ ਕੀ ਕਰਦੀਂ ਏ? ਪਤਨੀ-'ਕੁਛ ਨੀ ਬਸ ਕੁੱਤੇ ਨੂੰ ਲੱਤ ਮਾਰ ਦਿੰਦੀ ਹਾਂ'

*****

ਪਤਨੀ-'ਸੁਣੋ ਜੀ ਉਹ ਜੋ ਆਦਮੀ ਸਾਹਮਣੇ ਟੇਬਲ ਤੇ ਬੈਠ ਕੇ ਸ਼ਰਾਬ ਪੀ ਰਿਹਾ ਹੈ ਉਸ ਨੂੰ ਮੈਂ ਦੱਸ ਸਾਲ ਪਹਿਲਾਂ ਵਿਆਹ ਕਰਨ ਤੋਂ ਮਨ੍ਹਾ ਕਰ ਦਿੱਤਾ ਸੀ। ਪਤੀ-" ਕਮਾਲ ਐ ਅਜੇ ਤੱਕ ਜਸ਼ਨ ਮਨਾ ਰਿਹਾ ਹੈ"

*****

ਪਾਪਾ-'ਸਾਰਾ ਦਿਨ ਫੇਸਬੁੱਕ ਤੇ ਬੈਠਾ ਰਹਿੰਦਾ ਹੈ ਇਹ ਤੈਨੂੰ ਰੋਟੀ ਨ੍ਹੀਂ ਦੇਣ ਵਾਲੀ'

ਪੁੱਤਰ-'ਪਾਪਾ ਮੈਨੂੰ ਵੀ ਪਤਾ ਹੈ ਰੋਟੀ ਨਹੀਂ ਦੇਵੇਗੀ ਪਰ ਰੋਟੀ ਬਣਾਉਣ ਵਾਲੀ ਤਾਂ ਇੱਥੋਂ ਹੀ ਮਿਲੇਗੀ'।






# ਕਹਾਣੀ


## ਹੱਸਦੇ ਜ਼ਖਮ

ਘੜੀ ਦੀ ਸੂਈ ਰਾਤ ਦਾ ਇਕ ਵਜਾ ਰਹੀ ਸੀ ਕਿ ਅਚਾਨਕ ਮੇਰੀ ਮਾਂ ਦੀ ਤਬੀਅਤ ਖਰਾਬ ਹੋ ਗਈ। ਮੈ ਆਪਣੇ ਗੁਆਂਢੀ ਨੂੰ ਫੋਨ ਕਰ ਕੇ ਜਗਾਇਆ ਉਹ ਫਟਾ ਫਟ ਪਹੁੰਚਿਆ। ਅਸੀਂ ਮਾਂ ਨੂੰ ਕਾਰ ਚ ਬਿਠਾ ਕੇ ਪ੍ਰਾਈਵੇਟ ਹਸਪਤਾਲ ਵਲ ਤੁਰ ਪਏ । ਹਸਪਤਾਲ ਅਗੇ ਕਾਰ ਖੜ੍ਹੀ ਕੀਤੀ, ਇਕ ਨਰਸ ਸਾਡੇ ਵਲ ਆਈ ਕਹਿਣ ਲਗੀ ਅਗਰ ਮਰੀਜ ਦੀ ਤਬੀਅਤ ਜਿਆਦਾ ਖਰਾਬ ਹੈ ਮੈ ਡਾਕਟਰ ਨੂੰ ਫੋਨ ਕਰਾਂ।ਮੈ ਕਿਹਾ ਜਲਦੀ ਡਾਕਟਰ ਨੂੰ ਬੁਲਾਓ , ਨਰਸ ਨੇ ਡਾਕਟਰ ਨੂੰ ਫੋਨ ਕੀਤਾ ਅਸੀਂ ਸਾਰੀ ਕਾਰਵਾਈ ਕਰ ਕੇ ਮਾਂ ਨੂੰ ਹਸਪਤਾਲ ਦਾਖ਼ਲ ਕਰਵਾ ਦਿੱਤਾ। ਡਾਕਟਰ ਨੇ ਆਣ ਕੇ ਨਿਰੀਖਣ ਕੀਤਾ ਕਹਿੰਦਾ ਘਬਰਾਉਣ ਵਾਲੀ ਗੱਲ ਨਹੀਂ ਸ਼ੁਗਰ ਦਾ ਅਟੈਕ ਆਇਆ ਸੀ।ਉਹ ਨਰਸ ਨੂੰ ਸਮਝਾ ਕੇ ਕਿਹੜੇ ਟੈਸਟ ਕਰਨੇ ਕਿਹੜੀ ਦਵਾਈ ਦੇਣੀ ਸਾਨੂੰ ਹੌਸਲਾ ਦੇ ਕੇ ਚਲਾ ਗਿਆ।

ਨਰਸ ਆਪਣੇ ਕੰਮ ਵਿਚ ਜੁਟ ਗਈ।ਮੈਂ ਆਪਣੇ ਗੁਆਂਢੀ ਨੂੰ ਕਿਹਾ ਤੁਸੀਂ ਘਰ ਜਾ ਕੇ ਦਸ ਦਿਓ ਕੇ ਸਬ ਠੀਕ ਹੈ ਤੇ ਨਾਲੇ ਘਰ ਜਾ ਕੇ ਆਰਾਮ ਕਰ ਲਵੋ ਸਵੇਰੇ ਆ ਜਾਣਾ ਮੈ ਧੰਨਵਾਦ ਕੀਤਾ ਉਹ ਉਥੋਂ ਘਰ ਆ ਗਿਆ।ਨਰਸ ਬੜੀ ਮਿਲਾਪੜੀ ਤੇ ਹਸਮੁਖ ਸੀ ਲ ਚਿਹਰੇ ਤੇ ਮੁਸਕਰਾਹਟ ਓਹਦੇ ਬੋਲਣ ਦਾ ਲਹਿਜ਼ਾ ਬੋਲਾਂ ਦੀ ਮਿਠਾਸ ਸਬ ਨੂੰ ਆਪਣੇ ਵਲ ਖਿੱਚਦੀ ਸੀ। ਮੈ ਦੋ ਦਿਨ ਹਸਪਤਾਲ ਰਿਹਾ ਓਹਦੇ ਕੰਮ ਕਰਨ ਦੇ ਲਹਿਜ਼ੇ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ।

ਪਰ ਮੇਰੇ ਮਨ ਨੂੰ ਪਤਾ ਨਹੀ ਕਿਉਂ ਲਗ ਰਿਹਾ ਸੀ ਕਿ ਇਹ ਨਰਸ ਲੜਕੀ ਜਿੰਨੀ ਉੱਪਰੋਂ ਖੁਸ਼ ਲਗਦੀ ਅੰਦਰੋਂ ਜਰੂਰ ਉਨੀ ਦੁਖੀ ਹੋਵੇਗੀ। ਕਈ ਵਾਰ ਮੈ ਜਾਨਣ ਦੀ ਕੋਸ਼ਿਸ਼ ਕੀਤੀ ਪਰ ਹਰ ਵਾਰ ਉਹ ਆਪਣੇ ਦਿਲ ਦੇ ਜ਼ਖ਼ਮ ਛੁਪਾ ਜਾਂਦੀ। ਰਾਤ ਕਾਫੀ ਹੋ ਚੁਕੀ ਸੀ ਲ ਮਾਂ ਦਵਾਈ ਦੀ ਘੂਕੀ ਨਾਲ ਸੁਤੀ ਪਈ ਸੀ। ਮੈ ਬਾਹਰ ਆ ਕੇ ਰਾਤ ਦੇ ਆਗੋਸ਼ ਵਿਚ ਟਿਮ ਟਿਮਾ ਰਹੇ ਤਾਰਿਆਂ ਦੀ ਚਾਨਣੀ ਵਿਚ ਖਲੋ ਕੇ ਕੁਝ ਸੋਚ ਰਿਹਾ ਸੀ ਕੇ ਨਰਸ ਦਲਜੀਤ ਨੇ ਆਣ ਕੇ ਮੇਰੀਆਂ ਸੋਚਾਂ ਦੀ ਗੁੰਝਲ ਦੀ ਉਧੇੜ ਬੁਣ ਨੂੰ ਉਧੇੜਦੀ ਬੋਲੀ ।ਅੰਕਲ ਕਿਹੜੀਆਂ ਸੋਚਾਂ ਚ ਡੁਬੇ ਹੋਏ ਹੋ ।ਮੈ ਕਿਹਾ 'ਨਿੱਕੀ ਨਿੱਕੀ ਲੋ ਵਿਚ ਕਿਰ ਗਈ ਗਾਨੀ' ਵਾਂਗ ਟੋਹ ਟੋਹ ਕੇ ਆਪਣਾ ਆਪ ਲੱਭਣ ਦੀ ਕੋਸ਼ਿਸ਼ ਕਰ ਰਿਹਾ। ਮੈ ਪਿਆਰ ਨਾਲ ਸਿਰ ਪਲੋਸਿਆ ਕੁਝ ਕਹਿਣ ਲਗਾ ਨਰਸ ਕਹਿਣ ਲਗੀ

'ਤਬੀਬੋ ਕੋ ਕਿਆ ਪੁਸ਼ੂ ਇਲਾਜ਼ੇ ਦਰਦ ਦਿਲ ਆਪਣਾ



ਮਰਜ਼ ਜਬ ਜਿੰਦਗੀ ਖੁਦ ਹੈ ਤੋ ਫਿਰ ਉਸਕੀ ਦਵਾ ਕਿਆ ਹੈ।

ਉਹ ਰੋਣ ਲਗੀ ਮੈ ਓਹਦੇ ਦਿਲ ਦਾ ਜ਼ਖਮ ਪੜ੍ਹ ਲਿਆ। ਓਹਨੇ ਆਪਣੀ ਦਰਦ ਕਹਾਣੀ ਦੇ ਜ਼ਖਮ ਮੇਰੇ ਸਾਹਮਣੇ ਖੋਲ ਕੇ ਆਪਣੇ ਦਿਲ ਦਾ ਭਾਰ ਹੋਲਾ ਕਰ ਲਿਆ।

ਮੈ ਅਜੇ ਵੀਹ ਸਾਲ ਦੀ ਹੋਈ ਸੀ ਕਿ ਘਰਦਿਆਂ ਮੇਰਾ ਵਿਆਹ ਕਰ ਦਿੱਤਾ। ਮੇਰਾ ਜੀਵਨ ਸਾਥੀ ਆਰ ਐਮ ਪੀ ਡਾਕਟਰ ਸੀ। ਸਿਆਣਿਆ ਸਲਾਹ ਦਿੱਤੀ ਕੇ ਕਿਤੇ ਹੋਰ ਜਾ ਕੇ ਪ੍ਰੈਕਟਿਸ ਕਰੋ ਪਿੰਡ ਵਿਚ ਪਿੰਡ ਵਾਲਿਆਂ ਕੁਝ ਨਹੀਂ ਪਲੇ ਪਾਉਣਾ। ਅਸੀਂ ਪਿੰਡ ਛੱਡ ਕੇ ਕਿਸੇ ਹੋਰ ਪਿੰਡ ਜਾ ਕੇ ਦੁਕਾਨ ਖੋਲ ਲਈ , ਕੰਮ ਵਧੀਆ ਚਲ ਪਿਆ। ਚਾਰ ਸਾਲ ਚ ਦੋ ਬੇਟੀਆਂ ਹੋ ਗਈਆਂ, ਲੜਕਾ ਚਾਹੁੰਦੇ ਚਾਹੁੰਦੇ ਚਾਰ ਬੇਟੀਆਂ ਹੋ ਗਈਆ ਫਿਰ ਲੜਕਾ ਹੋਇਆ।

ਇਕ ਦਿਨ ਮੈ ਸਵੇਰੇ ਉਠੀ ਇਹ ਅਜੇ ਸੁਤੇ ਪਏ ਸਨ ਮੈ ਉਠਾਇਆ ਨਾ ਮੈ ਸੋਚਿਆ ਚਲ ਆਰਾਮ ਕਰ ਲੈਣ ਮੈ ਨਹਾ ਕੇ ਪਾਠ ਪੂਜਾ ਕਰ ਕੇ ਜਦੋ ਚਾਹ ਬਣਾ ਕੇ ਕਮਰੇ ਚ ਆਈ ਘਰਾੜੇ ਵੱਜ ਰਹੇ ਸਨ।ਮੈ ਹੱਥ ਨਾਲ ਹਿਲਾਇਆ ਤਾ ਪਤਾ ਲਗਾ ਇਹ ਘਰਾੜੇ ਨਹੀਂ ਇਹ ਘੰਢ ਵੱਜ ਰਿਹਾ ਸੀ। ਮੈ ਗੁਆਂਢ ਗਈ ਕਿਸੇ ਨੂੰ ਨਾਲ ਲੈ ਕੇ ਇਹਨਾਂ ਨੂੰ ਹਸਪਤਾਲ ਲੈ ਕੇ ਗਈ ਡਾਕਟਰ ਨੇ ਕਿਹਾ ਸਾਈਲੈਂਟ ਅਟੈਕ ਆਇਆ ਇਹ ਇਸ ਦੁਨੀਆ ਚ ਨਹੀਂ ।

'ਹੀ ਇਜ਼ ਨੋ ਮੋਰ'।

ਮੇਰੀ ਦੁਨੀਆ ਉਝੜ ਗਈ,ਮੈ ਰੋਂਦੀ ਕੁਰਲਾਉਂਦੀ ਵਿਲਕਦੀ ਬੱਚਿਆਂ ਨੂੰ ਲੈ ਕੇ ਪਿੰਡ ਆ ਗਈ। ਸ਼ਰੀਕੇ ਤੇ ਰਿਸ਼ਤੇਦਾਰਾਂ ਨੇ ਮੂਖ ਮੋੜ ਲਏ। ਮੇਰੇ ਜੇਠ ਨੇ ਕਹਿ ਦਿੱਤਾ ਵਡਾ ਪਰਿਵਾਰ ਮੈ ਨਹੀਂ ਸੰਭਾਲ ਸਕਦਾ, ਸੌਹਰੇ ਘਰ ਨੇ ਬਾਂਹ ਫੜ੍ਹਨ ਤੋਂ ਇਨਕਾਰ ਕਰ ਦਿੱਤਾ।

ਪਾਪੀ ਪੇਟ ਲਈ ਬੱਚਿਆਂ ਦੀ ਪਰਵਰਿਸ਼ ਲਈ ਲੋਕਾਂ ਦੇ ਘਰਾਂ ਚ ਜਾ ਕੇ ਸਫਾਈ ,ਕੱਪੜੇ ,ਅਤੇ ਜੂਠੇ ਭਾਂਡੇ ਮਾਂਝ ਕੇ ਗੁਜ਼ਾਰਾ ਸ਼ੁਰੂ ਕੀਤਾ ਸਮਾਜ ਦੇ ਹਵਸ ਦੇ ਪੁਜਾਰੀ ਇਰਦ ਗਿਰਦ ਮੰਡਰਾਉਣ ਲਗੇ ਪਰ ਸਮਾਜ ਦੀ ਪ੍ਰਵਾਹ ਕੀਤੇ ਬਿਨਾ ਮੈ ਆਪਣੀ ਸੱਚੀ ਕਿਰਤ ਦੇ ਭਰੋਸੇ ਮੈ ਬਚੇ ਪੜ੍ਹਾ ਰਹੀ ਸਾਂ ਪਾਲ ਰਹੀ ਸਾਂ। ਸੋੱਚਦੀ ਸਾਂ ਕੇ ਬਚੇ ਪੜ੍ਹ ਲਿਖ ਕੇ ਕਮਾਉਣ ਜੋਗੇ ਹੋ ਜਾਣਗੇ ਪਰ ਕੁਦਰਤ ਨੂੰ ਹੋਰ ਮਨਜ਼ੂਰ ਸੀ।ਇਕ ਦਿਨ ਪੁੱਤਰ ਨੂੰ ਬੁਖਾਰ ਚੜ੍ਹਿਆ ਇਲਾਜ਼ ਕਰਾਇਆ ਪਰ ਮੌਤ ਦਾ ਫਰਿਸ਼ਤਾ ਪੋਲੇ ਪੋਲੇ ਪੈਰੀਂ ਆ ਕੇ ਉਂਗਲ ਲਾ ਕੇ ਮੇਰੇ ਪੁੱਤਰ ਨੂੰ ਨਾਲ ਲੈ ਕੇ ਤੁਰ ਗਿਆ ਲ ਪੁੱਤਰ ਦਾ ਵਿਛੋੜਾ ਮੇਰੇ ਲਈ ਅਸਹਿ ਤੇ ਅਕਹਿ ਸੀ।ਮੈ ਇਕ ਘਰ ਕੰਮ ਕਰਦੀ ਸੀ ਦੋਵੇਂ ਜੀਅ ਬੜੇ ਚੰਗੇ ਸੀ ਭੈਣ ਮਨਜੀਤ ਦਾ ਸੁਭਾ ਬੜਾ ਚੰਗਾ ਸੀ। ਉਹ ਮੇਰੀ ਸਹੇਲੀ ਬਣ ਗਈ। ਉਹ ਆਪ ਨਰਸ ਸੀ ਓਹਨੇ ਕਿਹਾ ਮੈ ਤੈਨੂੰ ਹਸਪਤਾਲ ਕੰਮ ਤੇ ਲਵਾ ਦੇਂਦੀ ਆਂ। ਤੈਨੂੰ ਨਰਸ ਦਾ ਕੰਮ ਸਿਖਾ ਦਿਆਂਗੇ ਤੂੰ ਸੁਖ ਨਾਲ ਬੱਚਿਆਂ ਦਾ ਪਾਲਣਪੋਸ਼ਨ ਕਰੀ ਜਾਵੀ। ਓਹਨੇ ਮੈਨੂੰ ਹਸਪਤਾਲ ਚ ਕੰਮ ਤੇ ਲਵਾ ਦਿੱਤਾ ਨਾਲ ਨਾਲ ਮੈਨੂੰ ਨਰਸਿੰਗ ਵੀ ਸਿਖਾ ਦਿੱਤੀ ਲਇਕ ਦਿਨ ਮੇਰੀ ਵਡੀ ਬੇਟੀ ਨੀਨਾ ਮੇਰੇ ਨਾਲ ਹਸਪਤਾਲ ਆਈ। ਹਸਪਤਾਲ ਵਾਲਿਆਂ ਜ਼ੋਰ ਪਾਇਆ ਕਿ ਇਹਨੂੰ ਵੀ ਇਥੇ ਕੰਮ ਤੇ ਰੱਖ ਲੈਂਦੇ ਹਾਂ ਇਹਨੂੰ ਨਰਸਿੰਗ ਦਾ ਕੋਰਸ ਵੀ ਕਰਾ ਦਿਆਂਗੇ। ਮੈ ਮੰਨ ਗਈ ਪੰਜ ਸਤ ਮਹੀਨੇ ਚ ਬੇਟੀ ਨਰਸਿੰਗ ਦਾ ਸਾਰਾ ਕੰਮ ਸਿੱਖ ਗਈ। ਓਹਨੂੰ ਨਰਸਿੰਗ ਦਾ ਕੋਰਸ ਵੀ ਕਰਾ ਦਿਤਾ। ਬੇਟੀ ਵੀ ਕਮਾਉਣ ਲਗ ਪਈ ਅਸੀਂ ਮਾਂ ਧੀ ਇਕਠੀਆ ਜਾਂਦੀਆਂ ਇਕਠੀਆ ਘਰ ਆ ਜਾਂਦੀਆਂ। ਦੂਜੇ ਬਚੇ ਦਾਦਾ ਦਾਦੀ ਕੋਲ ਰਹਿੰਦੇ ਇਕ ਬੱਚੀ ਨੇ ਹੋਟਲ ਮੈਨਜਮੈਂਟ ਦਾ ਕੋਰਸ ਕਰ ਲਿਆ। ਬੇਟੀ ਨੀਨਾ ਦੀ ਰਾਤ ਦੀ ਡਿਊਟੀ ਵੀ ਹਸਪਤਾਲ ਚ ਲਗਣ ਲਗ ਗਈ। ਕੁਝ ਮਹੀਨੇ ਠੀਕ ਰਿਹਾ ਪਤਾ ਨਹੀਂ ਕਿਸ ਚੰਦਰੇ ਦੀ ਨਜ਼ਰ ਲਗੀ ਮੇਰੀ ਬੇਟੀ ਨੀਨਾ ਚਾਲ ਚਲਨ ਤੋਂ ਥਿੜਕ ਗਈ। ਮੈਨੂੰ ਜਿਉਂ ਭਿਣਕ ਪਈ ਮੈ ਬੈਠ ਕੇ ਧੀ ਨੂੰ ਸਮਝਾਇਆ ਪਰ ਧੀ ਮੇਰੇ ਵਾਲਾਂ ਨੂੰ ਪਈ ਉਹ ਮੇਰੇ ਤੇ ਦੋਸ਼ ਲਾਉਣ ਲਗ ਪਈ। ਮੈ ਆਪਣੇ ਸਹੁਰੇ ਨੂੰ ਕਿਹਾ ਓਹਨੇ ਮੈਨੂੰ ਦੋਸ਼ ਦੇਣੇ ਸ਼ੁਰੂ ਕਰ ਦਿੱਤੇ ਜਿਵੇ ਤੂੰ ਕਰਦੀ ਤੇਰੀਆਂ ਧੀਆਂ ਨੇ ਵੀ ਉਵੇਂ ਕਰਨਾ। ਨੀਨਾ ਨਾ ਸਮਝੀ। ਇਕ ਵਾਰ ਬਾਰਾਂ ਦਿਨ ਘਰੋਂ ਬਾਹਰ ਰਹੀ ਮੇਰੇ ਸਹੁਰੇ ਨੇ ਫੋਨ ਕੀਤਾ। ਓਹਨੇ ਸਾਫ ਕਹਿ ਦਿੱਤਾ ਜਾਂ ਇਸ ਘਰ ਚ ਮੈ ਰਹਾਂਗੀ ਜਾ ਮਾਂ ਰਹੇਗੀ।ਮੈ ਇਜ਼ਤ ਬਚਾਉਣ ਲਈ ਘਰ ਤੋਂ ਵੱਖਰੀ ਹੋ ਗਈ ਮੈ ਕਮਰਾ ਕਿਰਾਏ ਤੇ ਲੈ ਲਿਆ। ਮੈ ਆਪਣੀ ਸਹੇਲੀ ਮਨਜੀਤ ਨੂੰ ਦੱਸਿਆ ਓਹਨੇ ਕਿਹਾ ਕੋਈ ਨਹੀਂ ਅਸੀਂ ਸਮਝਾਵਾਂਗੇ। ਮੇਰੀ ਸਹੇਲੀ ਨੇ ਬਹੁਤ ਸਮਝਾਇਆ ਤੇਰੀ ਮਾਂ ਨੇ ਕਿਵੇਂ ਲੋਕਾਂ ਦੇ ਘਰ ਸਫਾਈਆ ਕਰ ਕੇ ਲੋਕਾਂ ਦੇ ਜੂਠੇ ਭਾਂਡੇ ਮਾਂਝ ਕੇ ਤੁਹਾਨੂੰ ਪਾਲਿਆ ਪੋਸਿਆ ਪੜ੍ਹਾਇਆ ਲਿਖਾਇਆ ਤੂੰ ਅੱਜ ਇਹ ਸਿਲਾ ਦੇ ਰਹੀ ਏ।ਪਰ ਮੇਰੀ ਧੀ ਨਾ ਸਮਝੀ ਉਹ ਜਵਾਨੀ ਦੇ ਨਸ਼ੇ ਚ ਅੰਨੀ ਹੋ ਚੁਕੀ ਸੀ ।ਪੈਸੇ ਕਮਾ ਕੇ ਰਾਤੋ ਰਾਤ ਅਮੀਰ ਬਣਨਾ ਚਾਹੁੰਦੀ ਸੀ।ਮੇਰੀ ਛੋਟੀ ਧੀ ਦਾ ਰਿਸ਼ਤਾ ਆਇਆ ਮੈ ਰਿਸ਼ਤਾ ਕਰ ਦਿੱਤਾ ਮੇਰੇ ਸਹੁਰੇ ਤੇ ਧੀ ਨੇ ਪੁਲਿਸ ਤਕ ਸ਼ਿਕਾਇਤ ਕੀਤੀ। ਭਲਾ ਹੋਵੇ ਮਨਜੀਤ ਤੇ ਓਹਦੇ ਘਰਵਾਲੇ ਦਾ ਜਿਹਨਾਂ ਤਤੀ ਵਾ ਨਾ ਲੱਗਣ ਦਿੱਤੀ। ਓਹਨੇ ਪੁਲਿਸ ਤੇ ਪ੍ਰੈਸ ਰਿਪੋਟਰ ਸਦ ਕੇ ਸੱਚਾਈ ਤੇ ਪਹਿਰਾ ਦਿੱਤਾ।ਮਨਜੀਤ ਦੇ ਹੌਸਲੇ ਸਦਕਾ ਓਹਦੀ ਬਦੋਲਤ ਮੈ ਅਜ ਇਸ ਹਸਪਤਾਲ ਵਿਚ ਆਪਣੀ ਸੇਵਾ ਦੇ ਰਹੀ ਹਾਂ। ਬਚੇ ਪਾਲ ਰਹੀ ਹਾਂ।ਹਰ ਮਰੀਜ਼ ਦੇ ਦੁੱਖ ਚੋ ਮੈ ਆਪਣੇ ਆਪ ਨੂੰ ਲੱਭਣ ਦੀ ਕੋਸ਼ਿਸ਼ ਕਰਦੀ ਹਾਂ। ਮੇਰੇ ਚਿਹਰੇ ਦਾ ਬਣਾਵਟੀ ਹਾਸਾ ਅੰਦਰ ਨਾਸੂਰ ਬਣ ਕੇ ਫਟ ਰਿਹਾ।

'ਵੋ ਹੀ ਸਮਝੇਗਾ ਮੇਰੇ ਦਿਲ ਕੇ ਜ਼ਜ਼ਬਾਤ

ਜਿਸ ਕੇ ਦਿਲ ਮੈ ਏਕ ਨਾਸੂਰ ਹੋਗਾ' ਇਹ ਕਹਿੰਦਿਆਂ ਓਹਦੀਆਂ ਅੱਖਾਂ ਭਰ ਆਈਆ।

ਭਾਵੇ ਮੇਰੀ ਧੀ ਮੈਨੂੰ ਦੁਸ਼ਮਣ ਸਮਝ ਰਹੀ

GARCHA Plumbing
Heating & Repair Ltd.


ਨਵੇਂ ਪੁਰਾਣੇ ਘਰਾਂ ਦੀ ਹੀਟਿੰਗ ਅਤੇ ਪਲਬਿੰਗ
* Hot Water Tank Replacement
* Boiler & Furnace Repair
* Drain Cleaning
* Certified Plumber
ਹਾਟ ਵਾਟਰ ਟੈਂਕ ਉਸੇ ਦਿਨ ਬਦਲ ਦੇ ਹਾਂ
Amarjit Singh Garcha
604-306-3276
Big Or Small, We Do It All

Full Cleaning Service
ਦਫਤਰ, ਨਵੇਂ ਪੁਰਾਣੇ ਘਰ ਦੀ ਤਸੱਲੀਬਖਸ਼ ਸਫਾਈ ਕਰਦੇ ਹਾਂ।ਵੀਕਐਂਡ ਅਤੇ ਸ਼ਾਮ ਨੂੰ ਵੀ ਸੇਵਾਵਾਂ ਦਿੰਦੇ ਹਾਂ।
ਹੋਰ ਜਾਣਕਾਰੀ ਲਈ ਫੋਨ ਕਰੋ
604-518-4698

The Grand Taj
THE GRAND TAJ
BANQUET HALL
Khalsa Business Centre, 84th Ave. & 128th St., Surrey

CATERING SERVICE & MUSIC ARRANGEMENT
Caterings ~ Weddings ~ Engagements ~ Birthdays ~ Conferences & much more
ਗੁਰਦਵਾਰਾ ਸਾਹਿਬ ਦੀ ਕੇਟਰਿੰਗ
ਖਾਸ ਕੀਮਤਾਂ ਤੇ ਲੈਣ ਲਈ ਅੱਜ ਹੀ ਫੋਨ ਕਰੋ
604-599-4342
Fax: 604-599-4818
Email: grandtaj@grandtaj.com
www.grandtaj.com
Our Facilities Are Perfect For:
WEDDINGS * RECEPTION
BIRTHDAY PARTIES
ANNIVERSARIES
CORPORATE FUNCTIONS
BUSINESS MEETINGS
Capacity from 100 to 1200
Ladies Parties Special

# ਸਿੱਖੋ! ਕੌਮ ਹੁਣ ਸਮਝ ਤੋਂ ਕੰਮ ਲਵੇ!

ਸੱਚੇ ਪਾਤਸ਼ਾਹ ਦੀ ਖੇਡ ਹੈ ਜਾਂ ਗੁਰੂ ਦਾ ਹੁਕਮੀਂ ਵਰਤਾਰਾ ਅੱਜ ਜਦੋਂ ਸਿੱਖ ਕੌਮ ਆਵਦੇ ਸਿਆਸੀ ਤੇ ਧਾਰਮਿਕ ਆਗੂਆਂ ਦੀਆਂ ਨਿੱਜੀ ਗਰਜ਼ਾਂ ਦਾ ਖ਼ਮਿਆਜ਼ਾ ਭੁਗਤਦਿਆਂ ਹਿੰਦ ਹਕੂਮਤ ਦੀ ਮਾਰੂ ਨੀਤ ਤੇ ਨੀਤੀ ਦਾ ਸ਼ਿਕਾਰ ਹੋ ਰਹੀ ਹੈ ਉਸ ਵੇਲੇ ਕੈਨੇਡਾ, ਅਮਰੀਕਾ ਅਤੇ ਅਸਟਰੇਲੀਆ ਦੀਆਂ ਸਰਕਾਰਾਂ ਵੱਲੋਂ ਹਿੰਦ ਹਕੂਮਤ ਦੀਆਂ ਸਿੱਖਾਂ ਪ੍ਰਤੀ ਕਾਤਲਾਨਾ ਸਾਜ਼ਿਸ਼ਾਂ ਦਾ ਭਾਂਡਾ ਦੁਨੀਆਂ ਭਰ ਵਿੱਚ ਭੰਨਿਆਂ ਜਾ ਰਿਹਾ ਹੈ। ਸ਼ਾਇਦ ਇਹ ਸਬੱਬ ਹੈ ਕਿ ਅਜੇ ਕੁੱਝ ਦਿਨ ਪਹਿਲਾਂ ਦਿੱਲੀ ਵਿੱਚ ਸਰਕਾਰੀ ਸਿੱਖਾਂ ਦਾ ਇੱਕ ਇਕੱਠ ਕਰਕੇ ਮੋਦੀ ਤੇ ਸਿੱਖ ਕਿਤਾਬ ਰਲੀਜ਼ ਕੀਤੀ ਜਾਂਦੀ ਹੈ ਤੇ ਦਿੱਲੀ ਦੇ ਚਪਲੀ ਚੱਟ ਅਖੌਤੀ ਸਿੱਖ ਹਿੰਦ ਸਰਕਾਰ ਦੇ ਕਸੀਦੇ ਗਾਉਂਦੇ ਨੇ। ਕੌਲੀ ਚੱਟਾਂ ਦੇ ਸਰਦਾਰ ਸਿਰਸੇ ਨੂੰ ਕੌਮੀਂ ਜਰਨਲ ਸਕੱਤਰੀ ਦੇਕੇ ਜਸ਼ਨ ਮਨਾਏ ਜਾਂਦੇ ਹਨ, ਲਾਲਪੁਰਾ ਮੋਦੀ ਦਾ ਜਨਮ ਦਿਨ ਗੁਰਦੁਆਰੇ ਮਨਾਕੇ ਪੌਂਦੇ ਲਾ ਰਿਹਾ ਹੈ, ਸੁਖਬੀਰ ਬਾਦਲ ਤੇ ਧਾਮੀਂ ਨੌਂਹ ਮਾਸ ਦਾ ਰਿਸ਼ਤਾ ਦੁਬਾਰਾ ਜੋੜਨ ਲਈ ਲੱਡੂਆਂ ਦਾ ਆਡਰ ਦੇਈ ਬੈਠੇ ਨੇ (ਪਰ ਹਲਵਾਈ ਦੇਰ ਕਰ ਰਿਹਾ) ਵੀਹ ਸੌ ਚੌਵੀ ਵਿੱਚ ਆ ਰਹੇ ਵੱਡੇ ਵਿਆਹ ਦੀਆਂ ਤਿਆਰੀਆਂ ਮੁਕੰਮਲ ਹੋ ਰਹੀਆਂ ਨੇ ਐਨ ਉਸ ਵੇਲੇ ਅਮਰੀਕਾ ਦੇ ਰਾਸ਼ਟਰਪਤੀ ਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਵੱਲੋਂ ਮੋਦੀ ਦੇ ਖਰਚ ਕੀਤੇ ਚਾਰ ਹਜ਼ਾਰ ਕਰੋੜ ਦੀ ਬੱਲੇ ਬੱਲੇ ਨੂੰ ਤੀਲੀ ਲਾ ਦੇਣੀ ਸੰਸਾਰ ਭਰ ਵਿੱਚ ਸਿਆਸੀ ਭੁਚਾਲ਼ ਵਰਗਾ ਹੈ।

ਇਹ ਵਰਤਾਰਾ ਮੋਦੀ ਗੋਦੀ ਟੋਡੀ ਲਾਣੇ ਲਈ ਤਾਂ ਭਾਰੀ ਨਮੋਸ਼ੀਜਨਕ ਹੈ ਹੀ ਨਾਲ ਹੀ ਇਸ ਦੇ ਆ ਰਹੀਆਂ ਲੋਕ ਸਭਾ ਚੋਣਾਂ ਤੇ ਵੀ ਪੂਰਨ ਅਸਰ ਦਿਸਣ ਦੇ ਆਸਾਰ ਹਨ, ਕਿਉਂਕਿ ਜਿੱਥੇ ਸਿਆਸੀ ਮਾਹਿਰ ਮੋਦੀਕਾਲ ਦੇ ਮੁੱਕਣ ਦੀਆਂ ਕਿਆਸ ਅਰਾਈਆਂ ਲਾ ਰਹੇ ਹਨ ਉੱਥੇ ਸਿਆਸੀ ਹਿੱਤਾਂ ਲਈ ਬੀਜੇਪੀ ਨੂੰ ਸਪੋਰਟ ਕਰਦੇ ਜਾਂ ਕਰਨਾ ਚਾਹੁੰਦੇ ਹਰ ਸਿੱਖ ਧੜੇ ਲਈ ਵੱਡੇ ਇਮਤਿਹਾਨ ਦੀ ਘੜੀ ਹੋਵੇਗੀ ਖ਼ਾਸਕਰ ਬਾਦਲਾਂ ਲਈ।

ਭਾਰਤ ਵਿੱਚ ਲੰਮੇਂ ਸਮੇਂ ਤੋਂ ਬਹੁਗਿਣਤੀ ਵੋਟ ਬੈਂਕ ਹਾਸਲ ਕਰਨ ਲਈ ਘੱਟਗਿਣਤੀ ਕੌਮਾਂ ਦੀ ਬਲੀ ਲੈਣ ਦਾ ਤਮਾਸ਼ਾ ਲਗਾਤਾਰ ਚੱਲ ਰਿਹਾ ਹੈ, 1984 ਵਿੱਚ ਕਾਂਗਰਸ ਨੇ ਇਸ ਸਾਜ਼ਿਸ਼ੀ ਫਾਰਮੂਲੇ ਨਾਲ ਗੱਦੀ ਹਾਸਲ ਕੀਤੀ, ਮਗਰੋਂ ਵੀ ਫਾਰਮੂਲਾ ਹਿੱਟ ਚੱਲ ਰਿਹਾ ਹੈ। ਇਸੇ ਸਾਲ ਮਾਰਚ ਦੇ ਮਹੀਨੇ ਸਾਜਿਸ਼ੀ ਢੰਗ ਨਾਲ ਭਾਈ ਅੰਮ੍ਰਿਤਪਾਲ ਸਿੰਘ ਦਾ ਬਹਾਨਾ ਬਣਾਕੇ, ਬਹੁਤ ਹੀ ਜ਼ਹਿਰੀਲਾ ਅਤੇ ਖ਼ੌਫ਼ ਭਰਿਆ ਮਾਹੌਲ ਤਿਆਰ ਕਰਕੇ ਸਿੱਖ ਕੌਮ ਨੂੰ ਟਾਰਗਿਟ ਕੀਤਾ ਗਿਆ। ਸੈਂਟਰ ਸਰਕਾਰ, ਪੰਜਾਬ ਸਰਕਾਰ ਤੇ ਨੈਸ਼ਨਲ ਗੋਦੀ ਮੀਡੀਆ ਦੇ ਸਾਂਝੇ ਐਕਸ਼ਨ ਨੇ ਸਿੱਖ ਕੌਮ ਦੀ ਮਿੱਟੀ ਪਲੀਤ ਕਰਨ ਦੀ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਸੀ ਤੇ ਉਸ ਵੇਲੇ ਇਹ ਮੰਨਿਆਂ ਜਾ ਰਿਹਾ ਸੀ ਕਿ ਇੱਕ ਵਾਰ ਫੇਰ ਸਿੱਖਾਂ ਨੂੰ ਅੱਤਵਾਦੀ ਐਲਾਨ ਕੇ ਕੌਮ ਦੀ ਜਵਾਨੀ ਦਾ ਸ਼ਿਕਾਰ ਕੀਤਾ ਜਾਵੇਗਾ ਤੇ ਲੋਕ ਸਭਾ ਜਿੱਤੀ ਜਾਵੇਗੀ। ਪਰ ਇਹ ਸਤਿਗੁਰ ਦੀ ਖੇਡ ਹੈ ਕਿ ਕੌਮ ਦੇ ਵਿਕਾਊ ਆਗੂਆਂ ਦੇ ਚੱਲਦਿਆਂ ਹੋਇਆਂ, ਸੱਚੇ ਪਾਤਿਸ਼ਾਹ ਨੇ ਕਿਰਪਾ ਕਰਕੇ ਸਾਰੀ ਸਾਜਿਸ਼ ਦਾ ਪੜਦਾ ਫਾਸ਼ ਕਰ ਦਿੱਤਾ ਹੈ। ਦੁਨੀਆਂ ਦੀਆਂ ਵੱਡੀਆਂ ਤਾਕਤਾਂ ਨੇ ਸਿੱਖ ਕੌਮ ਦੇ ਹੱਕ ਸੱਚ ਦੀ ਅਵਾਜ਼ ਬੁਲੰਦ ਕੀਤੀ ਹੈ। ਇਸ ਵਰਤਾਰੇ ਦੇ ਚੱਲਦਿਆਂ ਹੁਣ ਸਿੱਖ ਕੌਮ ਦੇ ਚਰਨਾਂ ਵਿੱਚ ਬੇਨਤੀ ਹੈ ਕਿ ਸਾਡੇ ਕਰਨ ਵਾਲੇ ਕੁੱਝ ਕਾਰਜ ਲੋੜੀਂਦੇ ਹਨ:

# ਪੰਜਾਬ ਸਮੇਤ ਭਾਰਤ ਦੇ ਸਾਰੇ ਬੀਜੇਪੀ ਭਗਤ ਸਿੱਖਾਂ ਨੂੰ ਕਟਿਹਰੇ ਵਿੱਚ ਖੜ੍ਹਾ ਕਰਕੇ ਸਰਕਾਰ ਵੱਲੋਂ ਸਿੱਖਾਂ ਖ਼ਿਲਾਫ਼ ਸਾਜ਼ਿਸ਼ ਲਈ ਸਪਸ਼ਟੀਕਰਨ ਮੰਗੇ ਜਾਣ

# ਸਰਕਾਰੀ ਜਬਰ ਦਾ ਸ਼ਿਕਾਰ ਹਰ ਸਿੱਖ ਧਿਰ ਇੱਕਜੁਟਤਾ ਨਾਲ ਸਰਕਾਰੀ ਸਾਜ਼ਿਸ਼ਾਂ, ਬੰਦੀ ਸਿੰਘਾਂ, ਬੇਦੋਸ਼ ਸ਼ਅ, ਬੇਅਦਬੀ ਬਹਿਬਲ ਲਈ ਇਨਸਾਫ਼ ਤੇ ਪੰਜਾਬ ਦੀਆਂ ਹੱਕੀ ਮੰਗਾਂ ਲਈ ਸਾਂਝੀ ਲੜਾਈ ਲੜੇ।

# ਸਰਕਾਰੀ ਜਬਰ ਦਾ ਸ਼ਿਕਾਰ ਗੈਰ ਸਿੱਖ ਧਿਰਾਂ ਨੂੰ ਵੀ ਇਸ ਵਰਤਾਰੇ ਖਿਲਾਫ਼ ਭਾਈਵਾਲ ਬਣਾਉਣ ਦੀ ਕੋਸ਼ਿਸ਼ ਕੀਤੀ ਜਾਵੇ।

# ਭਾਰਤੀ ਹਕੂਮਤ ਵੱਲੋਂ ਵਾਰ ਵਾਰ ਸਿੱਖ ਕੌਮ ਨੂੰ ਸਾਜ਼ਿਸ਼ੀ ਢੰਗ ਨਾਲ ਅੱਤਵਾਦੀ ਗਰਦਾਨਦੇ ਹੁੰਦੇ ਸਰਕਾਰੀ ਜਬਰ ਖ਼ਿਲਾਫ਼ ਅਗਾਮੀਂ ਲੋਕ ਸਭਾ ਚੋਣ ਦੌਰਾਨ ਵੱਡੀ ਲਹਿਰ ਖੜ੍ਹੀ ਕੀਤੀ ਜਾਵੇ।

# ਦੁਨੀਆਂ ਭਰ ਦੀਆਂ ਅੰਤਰਾਸ਼ਟਰੀ ਸਿੱਖ ਸੰਸਥਾਵਾਂ, ਗੁਰਦੁਆਰਾ ਕਮੇਟੀਆਂ, ਸਿੱਖ ਆਗੂ, ਸਿੱਖ ਵਿਦਵਾਨ, ਸਿੱਖ ਬੁਲਾਰੇ, ਸਿੱਖ ਕਾਰਕੂਨ, ਆਪਸੀ ਮੱਤਭੇਦ ਭੁਲਾਕੇ ਅਮਰੀਕਾ ਕੈਨੇਡਾ ਤੇ ਆਸਟਰੇਲੀਆ ਸਰਕਾਰ ਵੱਲੋਂ ਦਿੱਤੇ ਬਿਆਨਾਂ ਦੇ ਅਧਾਰ ਤੇ ਭਾਰਤੀ ਹਕੂਮਤ ਵੱਲੋਂ ਹੋ ਰਹੇ ਸਰਕਾਰੀ ਜਬਰ ਬਾਬਤ ਪੂਰੀ ਦੁਨੀਆਂ ਵਿੱਚ ਆਵਾਜ ਬੁਲੰਦ ਕਰਨ ਅਤੇ ਸ਼ਾਂਤਮਈ ਰੋਸ ਮੁਜਾਹਰੇ ਕਰਨ।

**-ਪਰਮਪਾਲ ਸਿੰਘ ਸਭਰਾਅ**

---

ਮੈਂ ਆਪਣੀ ਧੀ ਨੂੰ ਕਲਾਵੇ ਚ ਲੈ ਕੇ ਰੱਜ ਕੇ ਪਿਆਰ ਕਰਨਾ ਚਾਹੁੰਦੀ ਹਾਂ। ਨੌਂ ਮਹੀਨੇ ਪੇਟ ਚ ਰੱਖ ਕੇ ਪਾਲਿਆ ਆਖਿਰ ਮਾਂ ਹਾਂ।ਸੋਚਦੀ ਹਾਂ ਪਤਾ ਨਹੀਂ ਕਿਥੇ ਮਾਂ ਦੀ ਮਮਤਾ ਚ ਮੇਥੋ ਕਮੀ ਰਹਿ ਗਈ। ਮੈ ਇਹਨਾਂ ਮਰੀਜਾਂ ਦੇ ਦੁੱਖ ਵਿਚ ਸਾਰੀ ਕਾਇਨਾਤ ਨੂੰ ਭੁੱਲ ਜਾਂਦੀ ਹਾਂ।

'ਮੁਝ ਸੇ ਨਫਰਤ ਕਰਨੇ ਵਾਲੇ ਕਮਾਲ ਕਾ ਹੁਨਰ ਰਖਤੇ ਹੈ

ਮੁਝੇ ਦੇਖਣਾ ਭੀ ਨਹੀਂ ਚਾਹਤੇ ਪਰ ਨਜ਼ਰ ਮੁਝ ਪਰ ਹੀ ਰਖਤੇ ਹੈ'।

ਇਹ ਕਹਿ ਕੇ ਉਹ ਹਸਪਤਾਲ ਅੰਦਰ ਚਲੇ ਗਈ। ਮੈ ਅਕਾਸ਼ ਵੱਲ ਦੋਵੇ ਹੱਥ ਉਠਾ ਕੇ ਪ੍ਰਵਿਦਗਾਰ ਅੱਗੇ ਅਰਜ਼ੋਈ ਕੀਤੀ ਜੇ ਧੀਆਂ ਦੇਂਦਾ ਤਾ ਧੀਆਂ ਵਾਲਿਆਂ ਨੂੰ ਦੁੱਖ ਨਾ ਦੇ। ਮੈ ਅੱਖਾਂ ਦੇ ਹੰਝੂ ਪੂੰਜਦਾ ਮਾਂ ਕੋਲ ਆ ਗਿਆ ਮੇਰੀ ਮਾਂ ਗਹਿਰੀ ਨੀਂਦ ਸੌਂ ਰਹੀ ਸੀ।



**-ਢਾਡੀ ਕੁਲਜੀਤ ਸਿੰਘ ਦਿਲਬਰ**
**+1-425-524-1828**

---

## ਭਾਰਤੀ ਨਾਗਰਿਕਾਂ ਨੇ ਪਾਕਿਸਤਾਨ ਵਿੱਚ ਮੰਗੀ ਸ਼ਰਨ

ਕਰਾਚੀ:-ਇਕ ਭਾਰਤੀ ਪਿਤਾ-ਪੁੱਤਰ ਨੇ ਪਾਕਿਸਤਾਨ ਦੇ ਅਧਿਕਾਰੀਆਂ ਨੂੰ ਕਿਹਾ ਹੈ ਕਿ ਉਹ ਉਨ੍ਹਾਂ ਦੇ ਦੇਸ਼ ਵਿਚ 'ਹਿੰਦੂ ਅੱਤਵਾਦੀਆਂ' ਦੁਆਰਾ ਨਿਸ਼ਾਨਾ ਬਣਾਏ ਜਾਣ ਤੋਂ ਬਾਅਦ ਉਨ੍ਹਾਂ ਨੂੰ ਪਨਾਹ ਪ੍ਰਦਾਨ ਕਰਨ।ਕਸ਼ਮੀਰ ਮੀਡੀਆ ਸਰਵਿਸ ਦੇ ਅਨੁਸਾਰ, ਸੱਤਰ ਸਾਲਾ ਮੁਹੰਮਦ ਹਸਨੈਨ ਅਤੇ 31 ਸਾਲਾ ਇਸਹਾਕ ਅਮੀਰ, ਜੋ ਨਵੀਂ ਦਿੱਲੀ ਦੇ ਵਸਨੀਕ ਹਨ, ਨੇ "ਹਿੰਦੂ ਅੱਤਵਾਦੀਆਂ" ਦੁਆਰਾ ਕਈ ਵਾਰ ਨਿਸ਼ਾਨਾ ਬਣਾਏ ਜਾਣ ਤੋਂ ਬਾਅਦ ਪਾਕਿਸਤਾਨ ਆਉਣ ਦੀ ਯੋਜਨਾ ਬਣਾਈ।ਪਿਉ-ਪੁੱਤਰ ਦੀ ਜੋੜੀ 5 ਸਤੰਬਰ ਨੂੰ ਦੁਬਈ, ਸੰਯੁਕਤ ਅਰਬ ਅਮੀਰਾਤ (ਯੂਏਈ) ਗਈ ਸੀ ਅਤੇ ਦੋ ਦਿਨ ਬਾਅਦ ਉਨ੍ਹਾਂ ਨੇ ਅਫਗਾਨਿਸਤਾਨ ਦਾ ਵੀਜ਼ਾ ਲਿਆ ਸੀ। 8 ਸਤੰਬਰ ਨੂੰ ਉਹ ਕਾਬੁਲ ਪਹੁੰਚੇ ਅਤੇ ਕੰਧਾਰ ਲਈ ਫਲਾਈਟ ਲੈ ਕੇ ਟੈਕਸੀ ਰਾਹੀਂ ਸਪਿਨ ਬੋਲਦਾਕ ਸਥਿਤ ਪਾਕਿਸਤਾਨ-ਅਫਗਾਨਿਸਤਾਨ ਸਰਹੱਦ 'ਤੇ ਪਹੁੰਚੇ।ਉਨ੍ਹਾਂ ਦੱਸਿਆ ਕਿ ਉਹ ਇੱਕ ਏਜੰਟ ਦੀ ਮਦਦ ਨਾਲ ਚਮਨ ਸਰਹੱਦ ਤੋਂ ਪਾਕਿਸਤਾਨ ਵਿੱਚ ਦਾਖ਼ਲ ਹੋਏ ਸਨ। ਪਾਕਿਸਤਾਨ ਵਿੱਚ ਦਾਖਲ ਹੋਣ ਤੋਂ ਬਾਅਦ, ਦੋਵਾਂ ਨੇ ਫਿਰ ਇੱਕ ਪਾਕਿਸਤਾਨੀ ਟੈਕਸੀ ਡਰਾਈਵਰ ਨੂੰ 60,000 ਰੁਪਏ ਦਾ ਭੁਗਤਾਨ ਕਰਕੇ ਉਨ੍ਹਾਂ ਨੂੰ ਹੱਬ ਤੱਕ ਪਹੁੰਚਾਇਆ ਜਿੱਥੋਂ ਉਹ ਇੱਕ ਰਿਕਸ਼ਾ ਵਿੱਚ ਕਰਾਚੀ ਵਿੱਚ ਦਾਖਲ ਹੋਏ।









# ਕਾਵਿ ਕਿਆਰੀ

## ਭਾਈ ਘਨੱਈਆ ਜੀ ਨੂੰ ਚਿਤਵਦਿਆਂ

## ਚੌਮੁਖੀਆ ਚਿਰਾਗ



**ਗੁਰਭਜਨ ਸਿੰਘ ਗਿੱਲ**

ਚੇਤੇ ਆਉਂਦਾ ਹੈ ਹਨ੍ਹੇਰੀ ਰਾਤ ਵਿੱਚ ਜਗਦਾ,
ਮਘਦਾ ਸੁਰਖ ਸੂਰਜ ਅੰਬਰ ‘ਚ ਦਗਦਾ ਸਮੂਲਚਾ
ਵਜੂਦ ਬਾਬੇ ਨਾਨਕ ਦਾ ਵਾਰਿਸ ਲੱਗਦਾ।
ਝਨਾਂ ਕੰਢੇ ਸੋਹਦਰੇ ਪਿੰਡ ‘ਚ ਮਾਂ ਸੁੰਦਰੀ ਦਾ ਜਾਇਆ
ਬਾਬਲ ਨੱਥੂ ਰਾਮ ਦੇ ਬਿਰਖ ਦੀ ਸਦੀਵਕਾਲੀ ਛਾਇਆ।
ਦਸ ਪਾਤਿਸਾਹੀਆਂ ਦੀ ਛਾਵੇਂ ਤੁਰਦਾ ਤੁਰਦਾ
ਆਨੰਦਪੁਰ ਸਾਹਿਬ ਆਇਆ।
ਯੁੱਧ ਵਿੱਚ ਨਾ ਕੋਈ ਵੈਰੀ ਨਾ ਬੇਗਾਨਾ
ਗੁਰੂ ਦਾ ਸੰਦੇਸ਼ ਜਿਸ ਸੱਚ ਕਰ ਮਾਨਾ।
ਮੁਗਲ ਜਾਂ ਪਹਾੜੀਆ ਤੇਰਾ ਹੀ ਬੰਦਾ
ਦਿਸੇ ਬਲਿਹਾਰੀਆ।
ਨਿਰਛਲ ਨਿਰਭਉ ਤੇ ਨਿਰਵੈਰ।
ਸਰਬੱਤ ਦਾ ਭਲਾ ਲੋੜਦੇ ਕਰ ਪੈਰ
ਪਿਆਸਿਆਂ ਲਈ ਨਿਰਮਲ ਜਲਧਾਰਾ
ਦਸਮੇਸ ਗੁਰੂ ਨੂੰ ਜਾਨੋਂ ਪਿਆਰਾ।
ਦੂਤੀਆਂ ਕਿਹਾ ਇਹ ਮੁਗਲ ਬਚਾਵੇ।
ਮਰਦਿਆਂ ਦੇ ਮੂੰਹ ਪਾਣੀ ਪਾਵੇ।
ਇਸਨੂੰ ਕਹੋ ਇਹ ਇੰਜ ਕਰੇ ਨਾ,
ਸਾਨੂੰ ਇਹ ਕੰਮ ਮੂਲ ਨਾ ਭਾਵੇ।
ਦਸਮ ਪਿਤਾ ਹੱਸੇ ਮੁਸਕਰਾਏ।
ਬੋਲੇ ਮੇਰਿਓ ਭੋਲਿਓ ਪੁੱਤਰੋ,
ਇਹ ਤਾਂ ਆਪਣਾ ਧਰਮ ਨਿਭਾਏ।
ਤੁਹਾਨੂੰ ਕਿਉਂ ਇਹ ਸਮਝ ਨਾ ਆਏ।
ਹਿੱਕ ਨਾਲ ਲਾ ਕੇ ਇਹ ਫੁਰਮਾਇਆ।
ਤੂੰ ਮੇਰੇ ਸਬਦਾਂ ਦੀ ਲੋਏ ਤੁਰਦਾ ਤੁਰਦਾ
ਉਸ ਥਾਂ ਆਇਆ ਜਿੱਥੇ ਪੁੱਜ ਕੇ
ਨਾ ਕੋਈ ਵੈਰੀ ਨਾ ਹੀ ਰਹੇ ਕੋਈ ਬੇਗਾਨਾ।
ਇਹ ਹੀ ਧਰਮ ਦਾ ਅਸਲ ਨਿਸਾਨਾ।
ਆਹ ਫੜ ਪੱਟੀਆਂ ਮੱਲਮ ਦੀ ਡੱਬੀ।
ਤੂੰ ਸੇਵਾ ਚੋਂ ਮਾਣਕ ਮੋਤੀ
ਉੱਚੀ ਸੁੱਚੀ ਹਸਤੀ ਲੱਭੀ।
ਹਰ ਜਖਮੀ ਨੂੰ ਸਮ ਕਰ ਜਾਣੀਂ।
ਮੂੰਹ ਵਿੱਚ ਪਾਵੇਂਗਾ ਜਦ ਪਾਣੀ।
ਚੁੱਪ ਕਰਕੇ ਤੂੰ ਉਸ ਪਲ ਸੁਣ ਲਈਂ
ਅਰਥ ਸਣੇ ਗੁਰੂਆਂ ਦੀ ਬਾਣੀ।
ਸਰਬ ਕਾਲ ਦਾ ਬਣ ਕੇ ਹਾਣੀ।

## .ਗ਼ਜ਼ਲ

**ਗੁਰਭਜਨ ਗਿੱਲ**

ਪਾਕਿ ਪਟਨ ਮੈਂ ਆ ਨਹੀਂ ਸਕਿਆ
ਆਪਣੇ ਪਿੰਡ ਤੋਂ ਯਾਰ ਫ਼ਰੀਦਾ।
ਚੰਗਾ ਕੀਤਾ, ਦਰਸ਼ਨ ਦਿੱਤੇ ਲਹਿ ਗਿਆ
ਰੂਹ ਤੋਂ ਭਾਰ ਫ਼ਰੀਦਾ।
ਅੱਠ ਸਦੀਆਂ ਸੌਂ ਬਾਦ ਅਜੇ ਵੀ
ਮਾਂ ਬੋਲੀ ਗੋਲੀ ਦੀ ਗੋਲੀ,
ਸਾਡੇ ਹਾਕਮ ਨੂੰ ਸਮਝਾਈਂ
ਜੋੜੀਂ ਟੁੱਟੀ ਤਾਰ ਫ਼ਰੀਦਾ।
ਵੇਦ ਕਤੇਬ ਸੁਣਾ ਕੇ ਸਾਨੂੰ,
ਲੈਣ ਪਦਾਰਥ ਸ਼ਰਧਾ ਬਦਲੇ,
ਪੰਡਿਤ ਮੁੱਲਾਂ ਭਾਈਆਂ ਨੂੰ ਕਹਿ,
ਧਰਮ ਨਹੀਂ ਰੁਜ਼ਗਾਰ ਫ਼ਰੀਦਾ।
ਰਾਜ ਕਰਦਿਆਂ ਲੋਕਾਂ ਨੇ ਹੁਣ,
ਸਗਲ ਪੁਜਾਰੀ ਕੀਲ ਬਿਠਾਏ,
ਮਰਯਾਦਾ ਤੇ ਸ਼ਰਮ ਵਿਸਾਰੀ,
ਕਰਦੇ ਮਾਰੋ ਮਾਰ ਫ਼ਰੀਦਾ।
ਧਰਮਸਾਲ ਚੋਂ ਧਰਮ ਗੁਆਚਾ,
ਸ਼ਬਦ ਹਨ੍ਹੇਰੇ ਅੰਦਰ ਡੁੱਬਿਆ,
ਸਿਰ ਬੱਧੀ ਦਸਤਾਰ ਪਾਟ ਹਈ,
ਚੁੰਨੀ ਤਾਰੋ ਤਾਰ ਫ਼ਰੀਦਾ।
ਸ਼ੱਕਰ ਗੰਜ ਨੂੰ ਮੁਸਲਿਮ ਆਖਣ,
ਮੈਨੂੰ ਸਿੱਖ, ਈਸਾਈ ,ਹਿੰਦੂ,
ਕਿੱਥੋਂ ਕਿੱਧਰ ਤੁਰ ਪਏ ਸਾਰੇ,
ਇਹ ਮੇਰੇ ਮਨ ਭਾਰ ਫ਼ਰੀਦਾ।
ਤੇਰੇ ਤੋਂ ਦੱਸ ਕਾਹਦਾ ਓਹਲਾ,
ਕੂੜਾ ਵਣਜ ਵਿਹਾਜ ਰਹੇ ਹਾਂ,
ਭਟਕਣ ਵਿੱਚ ਹੈ ਏਸੇ ਕਰਕੇ,
ਸਾਡਾ ਦਿਲ -ਦਰਬਾਰ ਫ਼ਰੀਦਾ।
ਤੇਰੀ ਬਖ਼ਸ਼ੀ ਮਿੱਠੀ ਬਾਣੀ,
ਮਾਖਿਉਂ ਹੈ ਵਿਸਮਾਦ ਸਦੀਵੀ,
ਤਾਂਹੀਂਉਂ ਹਰ ਪਲ ਤਾਰ ਟੁਣਕਦੀ,
ਰੂਹ ਦੇ ਅੰਦਰਵਾਰ ਫ਼ਰੀਦਾ।
ਬਾਬਾ! ਤੂੰ ਤੇ ਸ਼ਬਦ ਹਿਮਾਲਾ,
ਪਹਿਲ ਪਲੇਠੀ ਨੂਰੀ ਟੀਸੀ,
ਜਿੰਨੀ ਵਾਰ ਪੜ੍ਹਾਂ ਜਾਂ ਸੁਣਦਾਂ,
ਮੈਂ ਜਾਵਾਂ ਬਲਿਹਾਰ ਫ਼ਰੀਦਾ।

## ਕਦੋਂ

ਬੇਖੌਫ ਹੋਏ ਸੋਦਾਗਰਾਂ ਨੂੰ ਵੱਢਣਗੇ ਕਦੋਂ,
ਪੰਜਾਬੀ ਨਸ਼ਿਆਂ ਦੇ ਦਰਿਆ ਨੂੰ ਠੱਲ੍ਹਣਗੇ ਕਦੋਂ।

ਬੜਾ ਦੁੱਖ ਸੰਤਾਪ ਹੰਢਾ ਲਿਆ ਮੇਰੇ ਪੰਜਾਬ ਨੇ,
ਦੱਸੋ ਵੀਰੋ ਇਕੱਠਿਆਂ ਹੰਭਲੇ ਵੱਜਣਗੇ ਕਦੋਂ।

ਬਥੇਰੇ ਲੰਗਰ ਲਾ ਲਏ, ਦਾਨ-ਪੁੰਨ ਵੀ ਕਰ ਲਏ,
ਨਸ਼ਿਆਂ ਵਿਰੁੱਧ ਜੈਕਾਰੇ ਯਾਰੋ ਲੱਗਣਗੇ ਕਦੋ।

ਮਾਂਵਾਂ-ਧੀਆਂ ਵੀ ਪੁੱਛ-ਪੁੱਛ ਕੇ ਹਾਰ ਗਈਆਂ,
ਦੇਸ਼ ਮੇਰੇ ਦੇ ਜਾਏ ਨੀਂਦ ਤੋਂ ਜਾਗਣਗੇ ਕਦੋਂ।

ਕੋਈ ਵੀ ਤਾਕਤ ਤੁਹਾਡੇ ਮੂਹਰੇ ਨਹੀਂ ਟਿਕੀ,
ਘਰ ਸਾਡਾ ਛੱਡਕੇ ਇਹ ਪਾਪੀ ਭੱਜਣਗੇ ਕਦੋਂ।

ਬੜਾ ਨਾਮ ਸੀ ਸਾਡਾ ਪਰ ਜੱਗ ਹਸਾਈ ਹੋ ਗਈ,
ਖ਼ੁੱਦ ਪੰਜਾਬ ਪੁੱਛਦੈ ਮੇਰੇ ਝੰਡੇ ਝੂਲਣਗੇ ਕਦੋਂ।

**ਡਾ. ਤੇਜਿੰਦਰ...**

## ਕੰਡਾ

ਕੁਦਰਤ ਨੇ ਆਪਣਾ ਪਹਿਲਾ ਅੱਖਰ,
ਮੇਰੀ ਝੋਲੀ ਪਾਇਆ,
ਪਿਆਰ ਨਾਲ ਸਾਰੇ ਫ਼ਰਜ਼ ਸਮਝਾ ਕੇ,
ਮੈਨੂੰ ਕਿੱਤੇ ਲਾਇਆ।
ਇਹ ਦੁਨੀਆ ਹੈ ਸੇਜ ਸੂਲਾਂ ਦੀ,
ਚੋਭਾਂ ਨੇ ਹਰ ਪਾਸੇ,
ਤੇਰੇ ਲਈ ਪਰ ਸਭ ਨੇ ਇੱਕੋ,
ਹੌਕੇ, ਹਾਅਵੇ, ਹਾਸੇ!
ਨਾ, ਨਾ ਕਦੀ ਤੂੰ ਸੀਅ ਨਹੀਂ ਕਰਨੀ,
ਧਾਅ ਮਾਰ ਨਹੀਂ ਰੋਣਾ,
ਵਫ਼ਾਦਾਰੀ ਰੱਖੀਂ ਨਿੱਤ ਪੱਲੇ,
ਜਿੱਥੇ ਵੀ ਪਵੇ ਖਲੋਣਾ!
ਸੁੰਦਰਤਾ 'ਤੇ ਕੋਮਲਤਾ ਦੀ,
ਰਾਖੀ ਤੇਰੇ ਪੱਲੇ,
ਦੇਖੀਂ ਹਥਿਆਰ ਸਾਂਭ ਕੇ ਵਰਤੀਂ,
ਰੱਖੀਂ ਹੱਥ ਨਿਚੱਲੇ!
ਕਈ ਬਣਨਗੇ ਤੇਰੇ ਦੁਸ਼ਮਣ,
ਖ਼ਾਰ ਖਾਣਗੇ ਤੈਥੋਂ,
ਖੋਹਣਗੇ ਤੇਰੇ ਹੱਕ ਉਹ ਤੈਥੋਂ,
ਇੱਧਰੋਂ, ਉਧਰੋਂ, ਹੈਥੋਂ!
ਜਿੱਥੇ ਵੀ ਹੋਵੇ ਜ਼ਿਕਰ ਫੁੱਲ ਦਾ,
ਉੱਥੇ ਲਾਜ਼ਮੀ ਹੋਵੇ ਮੇਰਾ,
ਸ਼ਾਇਰ, ਅਦੀਬ ਹਮੇਸ਼ਾ ਦਿੰਦੇ,
ਮੇਰਾ ਹੱਕ ਵਧੇਰਾ।
ਮਾਣ ਹੈ ਮੈਨੂੰ ਆਪਣੇ ਕੰਮ 'ਤੇ,
ਕੁਰਬਾਨ ਹੋਵਾਂ ਲੱਖ ਵਾਰੀ,
ਦਿਲ ਉੱਤੇ ਲੱਖ ਨਸ਼ਤਰ ਚੱਲਣ,
ਭਾਵੇਂ ਤਨ ਤੇਜ਼ ਕਟਾਰੀ।
ਕੰਡਾ ਹਾਂ ਕੰਡਾ ਹੀ ਰਹਾਂਗਾ,
ਮੈਨੂੰ ਬੀਜੋ ਜਾਂ ਮੈਨੂੰ ਵੱਢੋ,
ਫਿਤਰਤ ਨਾ ਮੈਂ ਛੱਡਾਂ ਹੱਥੋਂ,
ਮੈਨੂੰ ਰੱਖੋ 'ਤੇ ਭਾਵੇਂ ਛੱਡੋ।
ਸਫ਼ਰ ਬੜਾ ਹੀ ਮੈਂ ਤੈਅ ਕੀਤਾ,
ਝੱਲੀ ਗਰਮੀ ਸਰਦੀ,
ਕਾਸ਼ ਇਸ ਜਹਾਨ 'ਤੇ ਹੁੰਦਾ,
ਮੇਰਾ ਵੀ ਕੋਈ ਦਰਦੀ।



**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ ਯੂ ਕੇ**

## ਦਾਅ ’ਤੇ ਭਵਿੱਖ

ਏ.ਸੀ. ਲਾ ਲਾ ਭਰੀ ਜਾਂਦੇ ਓ ਕਮਰਿਆਂ ਦੀਆਂ ਦੀਵਾਰਾਂ ਨੂੰ।
ਰੁੱਖਾਂ ਨੂੰ ਜੇ ਨਾ ਸੰਭਾਲਿਆ ਫਿਰ ਤਰਸਾਂਗੇ ਬਹਾਰਾਂ ਨੂੰ।
ਬਚਣ ਵਾਸਤੇ ਗਰਮੀ ਤੋਂ ਰੁੱਖਾਂ ਹੇਠ ਸਿਰ ਲੁਕਾਉਂਦੇ ਹੋ।
ਕਦੇ ਤਾਂ ਖੜ੍ਹ ਕੇ ਸੋਚੋ ਥੱਲੇ, ਤੁਸੀਂ ਕਿੰਨੇ ਬੂਟੇ ਲਾਉਂਦੇ ਹੋ।
ਵੱਢ ਵੱਢ ਰੁੱਖ ਭਰ ਟਰਾਲੀਆਂ, ਮੰਡੀ ਨੂੰ ਤੋਰੀ ਜਾਂਦੇ ਹੋ।
ਇਸ ਸਾਲ ਫਿਰ ਵਧਗੀ ਗਰਮੀ, ਇੱਕ ਦੂਜੇ ਨੂੰ ਆਂਹਦੇ ਹੋ।
ਮੁਫ਼ਤ ’ਚ ਦਿੰਦੇ ਸਾਹ ਸਾਨੂੰ ਰੁੱਖ, ਮੰਗਣ ਨਾ ਇੱਕ ਧੇਲਾ ਜੀ।
ਹਾਲੇ ਜੇ ਗੱਲ ਨਾ ਵਿਚਾਰੀ ਫਿਰ ਲੁੱਟਿਆ ਜਾਣਾ ਮੇਲਾ ਜੀ।
ਸੰਧੂਆ ਪੀੜ੍ਹੀਆਂ ਜ਼ਰੂਰ ਪੁੱਛਣਗੀਆਂ ਸਰੋਤ ਗਵਾਈ ਜਾਂਦੇ ਹਾਂ।
ਨਿੱਕੀ ਬੱਸ ਇੱਕ ਖ਼ੁਸ਼ੀ ਖਾਤਰ ਭਵਿੱਖ ਦਾਅ ’ਤੇ ਲਾਈ ਜਾਂਦੇ ਹਾਂ।

**ਹਰਭਿੰਦਰ ਸਿੰਘ ਸੰਧੂ**
**ਸੰਪਰਕ: 9781081888**





ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT
$1550
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ

# .Ck Auto.

## CK AUTO SERVICES LTD.

SALE — BUY 4 TIRES & GET ALLIGNMENT AT 1/2 PRICE
FLAT TYRE REPAIR FREE

40% off

ਅਸੀਂ ਟਾਇਰਾਂ ਵਿਚ ਨਾਈਟਰੋਜਨ ਵੀ ਭਰਦੇ ਹਾਂ
ਅਸੀਂ ਹਰੇਕ ਬਰੈਂਡ ਦੇ ਟਾਇਰ ਰੱਖਦੇ ਹਾਂ




**Clearance Sale**
*Limited Quantity

**On All Seasons & Winter Tires**
(Auplus & Comforser)




**215/70R16**
COMFORSER
Reg: ~~$155.00~~
Now : $70.00



**235/65R17**
COMFORSER
Reg: ~~$220.00~~
Now : $95.00



**245/65R17**
COMFORSER
Reg: ~~$240.00~~
Now : $100.00




**215/70R15**
GOOD YEAR INTEGRITY
Reg: ~~$120.00~~
Now : $90.00



SALE

**Comforser**
Size: 205/60/16
Reg Price: ~~$110~~
Sale Price : $55



**Auplus**
Size: 205/60/16
Reg Price: ~~$125~~
Sale Price : $65

ਅਸੀਂ ਮੈਚਲਿਨ ਅਤੇ ਬਰਿੱਜ ਸਟੋਨ
ਦੇ ਟਾਇਰ ਵੀ ਵੇਚਦੇ ਹਾਂ

ਹੁਣ ਤੁਸੀਂ ਸਾਡੇ ਕੋਲੋਂ ਕਿਸੇ ਵੀ ਤਰ੍ਹਾਂ ਦੇ
ਕਾਰ, ਵੈਨ, ਐਸ ਯੂ ਵੀ ਦੇ ਟਾਇਰ ਲੈ ਸਕਦੇ ਹੋ

**Cell: 778-322-1610, Tel: 604-592-2667** #106-13112-84th Ave.,Surrey

TVTL TAJVEER TRANSPORT LTD.

# TAJVEER

## TRANSPORT LTD.

ਸਾਨੂੰ ਕਨੇਡਾ/ਅਮਰੀਕਾ ਰੂਟਾਂ ਲਈ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ





**Ph:604-951-1515 Toll Free:1-855-882-1515**

19910-16th Ave, Langley BC V2Z 1K1

Email:info@tajveertransport.com sales@tajveertransport.com